Postal No. - G/CHD/0196/2021-2023

Regd No. 32212/78

# ਲੁਬਾਣਾ ਸੇਵਕ

ਮਾਰਚ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਹੋਲੇ-ਮਹੱਲੇ ਦੀਆਂ ਲੱਖ-ਲੱਖ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਖ਼ਾਲਸੇ ਦਾ ਹੋਲਾ ਮਹੱਲਾ



ਹੋਲੇ ਮਹੱਲੇ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। 'ਹੋਲਾ' ਤੇ 'ਮਹੱਲਾ' ਦੋ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਉਨ੍ਹਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ ਪ੍ਰਚਲਿਤ ਕੀਤਾ ਅਤੇ ਅਜ਼ਾਦੀ ਪ੍ਰਾਪਤ ਕਰਨ, ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਕੀਤੀ ਅਤੇ ਸਿੱਖ ਨੂੰ ਇਕ ਵੱਖਰੀ ਪਹਿਚਾਣ ਦਿੱਤੀ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰ ਜੀ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਕਈ ਵਾਰ ਸਮੇਂ ਦੀਆਂ ਸਰਕਾਰਾਂ ਖ਼ਾਲਸੇ ਦੀ ਚੜ੍ਹਦੀ ਕਲਾ ਨੂੰ ਨਾ ਸਹਾਰਦੀਆਂ ਹੋਈਆਂ ਵੀ ਖ਼ਾਲਸੇ ਨਾਲ ਸਮਝੌਤੇ ਕਰਦੀਆਂ ਰਹੀਆਂ ਹਨ। ਜਿਵੇਂ ਕਿ 1748ਈ: ਵਿਚ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸੁਲਤਾਨ-ਉੱਲ-ਕੌਮ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੁਗਲਾਂ ਦੀ ਸਮਝੌਤੇ ਦੀ ਆੜ ਵਿਚ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਊਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਸੂਰਮਤਾਈ ਨਾਲ ਜੋੜਿਆ। ਮਹੱਲੇ ਮੌਕੇ ਗੁਰੂ ਜੀ ਸਿੰਘਾਂ ਵਿਚ ਜੰਗਜੂ ਲੜਾਈਆਂ ਕਰਵਾਉਂਦੇ ਅਤੇ ਜਿੱਤਣ ਵਾਲੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਚਰਨ ਗੰਗਾ ਦੇ ਮੈਦਾਨ ਵਿਚ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਰੂਪ ਵਿਚ ਮਨਾਏ ਜਾਂਦੇ ਜੰਗਜ਼ੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਏ। ਅਤਰ ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਭ ਦੀ ਆਤਮਾ ਖਿੜ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ-ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਕੱਢਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜ਼ੂ ਕਰਤੱਵ ਦੇਖਣਯੋਗ ਹੁੰਦੇ ਹਨ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸ੍ਰੋਤ ਹੈ। ਆਓ! ਹੋਲੇ ਮਹੱਲੇ ਦੇ ਇਸ ਇਤਿਹਾਸਕ ਮੌਕੇ 'ਤੇ ਇਸ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਪ੍ਰਣ ਕਰੀਏ।


**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

**Advisors**

1. S. Gurcharan Singh (Sr. Vice President HQ)
   M.: 98140-17067
2. S. Naginderjit Singh (Legal Advisor)
   Session Judge (Retd.),
   M.: 98159-02643
3. S. Narinder Singh, PES (Retd.)
   M.: 98555-34236
4. S. Mohinder Singh, DSP (Retd.)
   M.: 98144-74535
5. Dr. Preet Mohinder Pal Singh
   M.: 98148-98289



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98140-62091, General Secretary-98725-13970

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਮਾਰਚ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

ਮੱਸਿਆ - (੧੯ ਫੱਗਣ) 2-03-2022 (ਬੁੱਧਵਾਰ)
ਸੰਗਰਾਂਦ - (੧ ਚੇਤਰ) 14-03-2022 (ਸੋਮਵਾਰ)
ਪੂਰਨਮਾਸ਼ੀ - (੫ ਚੇਤਰ) 18-03-2022 (ਸ਼ੁੱਕਰਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 106 | ਮਾਰਚ - 2022



| | | |
|---|---|---|
| 1. | ਖ਼ਾਲਸੇ ਦਾ ਹੋਲਾ-ਮਹੱਲਾ | 4 |
| 2. | ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ | 6 |
| 3. | ਗੁਰ ਸਾਗਰ ਦੇ ਸੁੱਚੇ ਮੋਤੀ | 8 |
| 4. | ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ | 9 |
| 5. | ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ – ਅਤੀਤ ਤੇ ਵਰਤਮਾਨ | 12 |
| 6. | ਲੁਬਾਣਾ ਵੈਲਫੇਅਰ ਟਰੱਸਟ (ਰਜਿ.) ਕਪੂਰਥਲਾ | 14 |
| 7. | ਫਰਵਰੀ ਮਹੀਨੇ ਹੋਈਆਂ ਗਤੀਵਿਧੀਆਂ ਦੀ ਰਿਪੋਰਟ | 16 |
| 8. | ਆਓ ਜਾਣੀਏ! | 19 |
| 9. | ਕਿਸਾਨ ਅੰਦੋਲਨ ਵਿੱਚ ਪੰਜਾਬੀ ਗਾਇਕੀ ਦੀ ਭੂਮਿਕਾ | 20 |
| 10. | ਪੰਜਾਬੀ ਸਭਿਆਚਾਰ ਨਿਘਾਰ ਵੱਲ ਕਿਉਂ? | 23 |
| 11. | ਕਹਾਣੀ/ਸੇਵਕ | 24 |
| 12. | ਯੂ.ਪੀ. ਚੋਣਾਂ ਬਦਲਣਗੀਆਂ 2024 ਦੇ ਚੋਣ ਸਮੀਕਰਨ? | 27 |
| 13. | ਚੰਗੇ ਸੀ ਪਹਿਲਾਂ ਘਰਾਂ ਵਿਚ ਹੋਣ ਵਾਲੇ ਵਿਆਹ | 29 |
| 14. | ਨੌਰਵੇ ਦਾ ਖ਼ੂਬਸੂਰਤ ਸ਼ਹਿਰ ਕੌਂਗਸਬਰਗ (ਸਿਲਵਰ ਸਿਟੀ) | 30 |
| 15. | ਸਿਹਤ ਸੰਭਾਲ | 32 |
| 16. | ਕਾਵਿ-ਕਿਆਰੀ | 33 |
| 17. | An Ode to my Heroes | 35 |
| 18. | Project Madurai | 37 |
| 19. | Matrimonial | 39 |
| 20. | ਦਾਨੀ ਸੱਜਣਾਂ ਦੀ ਸੂਚੀ | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

*19 ਮਾਰਚ ’ਤੇ ਵਿਸ਼ੇਸ਼*

# ਖ਼ਾਲਸੇ ਦਾ ਹੋਲਾ ਮਹੱਲਾ



ਭਾਰਤ ਤਿਉਹਾਰਾਂ ਦਾ ਦੇਸ਼ ਹੈ ਅਤੇ ਖਾਲਸਾ ਪੰਥ ਇਨ੍ਹਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ ਜਿਵੇਂ ‘ਹੋਲੀ’ ਦੀ ਥਾਂ ਖਾਲਸਾ ਪੰਥ ‘ਹੋਲਾ ਮਹੱਲਾ’ ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਹੋਲੇ ਮਹੱਲੇ ਦਾ ਅਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ ’ਤੇ ਕੀਤਾ। ਹੋਲਾ ਮਹੱਲਾ ਮਨਾਉਣ ਦਾ ਮੰਤਵ ਗੁਰਸਿੱਖਾਂ ਅੰਦਰ ‘ਫਤਹਿ’ ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੇ ਪ੍ਰੰਪਰਾਗਤ ਤਰੀਕਿਆਂ ਤੋਂ ਹਟ ਕੇ ਹੋਲਾ ਮਹੱਲਾ ਵਿਲੱਖਣ ਰੂਪ ’ਚ ਮਨਾਉਣ ਦੀ ਰਵਾਇਤ ਅਰੰਭ ਕੀਤੀ ਅਤੇ ਇਸ ਤਿਉਹਾਰ ਨੂੰ ਬੁਲੰਦੀਆਂ ’ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ ਤੇ ਨਵੇਂ ਢੰਗ ਤਰੀਕੇ ਅਪਨਾਏ।

**ਸੰਪਾਦਕ**
**ਭਗਵਾਨ ਸਿੰਘ**
**ਲੁਬਾਣਾ**
98155-40240



ਮੌਸਮੀ ਤਬੀਦਲੀ ਦੇ ਪੱਖ ਤੋਂ ਹੋਲੀ ਬਸੰਤ ਰੁੱਤ ਦੇ ਆਗਮਨ, ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਵਿਸ਼ੇਸ਼ ਸਥਾਨ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ।

ਖਾਲਸਾ ਪਰਮਾਤਮਾ ਦੀ ਮੌਜ ਦਾ ਸਾਕਾਰ ਰੂਪ ਹੈ ਜਿਸ ਨੂੰ ਸੁਹਜ ਅਤੇ ਸਾਜ਼ ਦਸਵੇਂ ਪਾਤਸ਼ਾਹ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਬਖਸ਼ੀ ਹੈ। ਇਸ ਲਈ ਇਸ ਦੀ ਹਰ ਕ੍ਰਿਆਤਮਿਕ ਗਤੀਵਿਧੀ ਚੜ੍ਹਦੀ ਕਲਾ ਅਤੇ ਰੂਹਾਨੀਅਤ ਵਿਚ ਭਿੱਜੀ ਪੇਸ਼ ਹੁੰਦੀ ਹੈ। ਦਸਵੇਂ ਪਾਤਸ਼ਾਹ ਜੀ ਨੇ ਖਾਲਸੇ ਨੂੰ ਮੇਲਿਆਂ, ਇਕੱਠਾਂ ਵਿਚ ਮੌਜ ਮਸਤੀ ਜਾਂ ਵਕਤ ਗੁਜ਼ਾਰੀ ਲਈ ਇਕੱਤਰ ਹੋਣ ਦੀ ਪ੍ਰੇਰਨਾ ਨਹੀਂ ਦਿੱਤੀ ਬਲਕਿ ਇਨ੍ਹਾਂ ਇਕੱਠਾਂ ਨੂੰ ਸਤਿਸੰਗਤ ਦੀ ਰੂਹਾਨੀਅਤ ਨਾਲ ਰੂਹ ਦੀ ਚੜ੍ਹਦੀ ਕਲਾ ਅਤੇ ਆਨੰਦ ਦੇ ਸੋਮੇ ਵਜੋਂ ਸਥਾਪਤ ਕੀਤਾ ਹੈ। ਗੁਰੂ ਖਾਲਸੇ ਦੇ ਪੁਰਬ, ਤਿਉਹਾਰ, ਯਾਦਗਾਰੀ ਸਾਕੇ, ਖਾਲਸਾ ਪੰਥ ਨੂੰ ਨਵੀਂ ਚੇਤਨਾ ਅਤੇ ਰੱਬੀ ਸਰੂਰ ਨਾਲ ਭਰਦੇ ਹਨ। ਉਹ ਆਪਣੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਜੁੜ ਕੇ ਰੱਬੀ ਗੁਣਾਂ ਨਾਲ ਸਾਂਝ ਪਾਉਣ ਲਈ ਤਾਂਘ ਲੈ ਕੇ ਉਤਸ਼ਾਹਿਤ ਨਜ਼ਰ ਆਉਂਦੇ ਹਨ।

ਹੋਲਾ ਮਹੱਲਾ ਖਾਲਸੇ ਦਾ ਬੜੀ ਚੜ੍ਹਦੀ ਕਲਾ ਦਾ ਪੁਰਬ ਹੈ ਜੋ ਬਸੰਤ ਰੁੱਤ ਵਿਚ ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿਖੇ ਮਨਾਇਆ

ਜਾਂਦਾ ਹੈ। ਇਸ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ (ਫੱਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਸ਼ੁਰੂਆਤ ਕਲਗੀਧਰ ਪਾਤਸ਼ਾਹ ਜੀ ਨੇ ਹੋਲਗੜ੍ਹ ਕਿਲ੍ਹੇ 'ਤੇ ਦੀਵਾਨ ਲਗਾ ਕੇ ਸੰਮਤ 1757 ਚੇਤ ਵਦੀ 1 ਨੂੰ ਕੀਤੀ। ਇਸ ਨੂੰ ਹੋਲਾ ਮਹੱਲਾ ਨਾਮ ਦਿੱਤਾ। ਹੋਲਾ ਮਹੱਲਾ ਦੇ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਹਮਲਾ ਅਤੇ ਜਾਯ ਹਮਲਾ ਕਹਿੰਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖਾਸ ਸਥਾਨ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਪਾਤਸ਼ਾਹ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪੇ ਬਖਸ਼ਦੇ ਸਨ।



ਹੋਲਾ ਮਹੱਲਾ ਭਾਵੇਂ ਤਿਉਹਾਰ ਵਾਂਗੂੰ ਮਨੋਰੰਜਨ ਦ੍ਰਿਸ਼ਾਂ ਜਾਂ ਰੁਝੇਵਿਆਂ ਪ੍ਰਤੀ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਸ ਦਾ ਅਸਲ ਰੂਪ ਗਹਿਰੀ ਸਿਆਣਪ ਅਤੇ ਦੂਰਅੰਦੇਸ਼ੀ ਦੀ ਸੂਖਮ ਸੂਝ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬ ਖਾਲਸੇ ਲਈ ਆਮ ਦੁਨਿਆਵੀ ਧਰਾਤਲ ਦੀ ਸਥੂਲ ਵੰਨ-ਸੁਵੰਨਤਾ ਅਤੇ ਮਨਪ੍ਰਚਾਵੇ ਵਾਲੀ ਪਰੰਪਰਾਗਤ ਰੀਤ ਨੂੰ ਨਵੇਂ ਵਿਕਾਸਮਈ ਅਤੇ ਵਿਸਮਾਦਮਈ ਮਾਹੌਲ ਵਿਚ ਸਿਰਜ ਕੇ ਇਸ ਨੂੰ ਮਨੁੱਖਤਾ ਦਾ ਨਿਰਭਉ ਅਤੇ ਨਿਰਵੈਰ ਬਾਦਸ਼ਾਹ ਬਣਾਉਣਾ ਚਾਹੁੰਦੇ ਹਨ। ਹੋਲਾ ਮਹੱਲਾ ਕੋਈ ਮਨਪ੍ਰਚਾਵੇ ਵਾਲਾ ਮੇਲਾ ਨਹੀਂ, ਇਸ ਪਿੱਛੇ ਗੁਰੂ ਪਾਤਸ਼ਾਹ ਜੀ ਦੀ ਜੋ ਸੋਚ ਸੀ ਉਸ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਡਾ ਰਤਨ ਸਿੰਘ ਜੱਗੀ ਕਹਿੰਦੇ ਹਨ ਇਹ ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖੂਬ ਇਨਾਮ ਦਿੱਤੇ ਜਾਂਦੇ। ਗੁਰੂ ਪਾਤਸ਼ਾਹ ਜੀ ਨੇ ਖਾਲਸੇ ਨੂੰ ਜਿਸ ਅਮੀਰੀ ਨਾਲ ਭਰਿਆ ਹੈ ਉਸ ਦੀ ਤੁਲਨਾਤਮ ਵੰਨਗੀ ਲੱਭਣੀ ਬਹੁਤ ਮੁਸ਼ਕਿਲ ਹੈ। ਇਸ ਬਾਰੇ ਵਿਚਾਰ ਦਾ ਕਾਰਨ ਬੜਾ ਸਪਸ਼ਟ ਹੈ ਖਾਲਸਾ ਪਰਮਾਤਮਾ ਦੀ ਮੌਜ 'ਚੋਂ ਪਰਮਾਤਮਾ ਰਾਹੀਂ ਪ੍ਰਗਟ ਹੋਇਆ ਪ੍ਰਤੱਖ ਪਰਮਾਤਮਾ ਹੀ ਹੈ।

ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਪਰਮਾਤਮਾ ਆਪਣੇ ਕਿਸੇ ਖਾਸ ਅਸੂਲ ਨੂੰ ਬੜੀ ਸੰਜੀਦਗੀ ਨਾਲ ਗੁਰੂ ਸਾਹਿਬ ਰਾਹੀਂ ਧਰਤੀ 'ਤੇ ਪ੍ਰਗਟ ਕਰ ਰਿਹਾ ਹੈ। ਧਰਤੀ ਇਬਾਦਤੀ ਅਦਬ ਵਿਚ ਪ੍ਰਭੂ ਤੇ ਇਹ ਚੋਜ, ਚੋਜੀ ਪ੍ਰੀਤਮ ਰਾਹੀਂ ਆਪਣੇ ਵਿਹੜੇ ਵਾਪਰਦੇ ਵੇਖ ਕੇ ਵਿਸਮਾਦਿਤ ਹੁੰਦੀ ਹੈ। ਬਨਸਪਤੀ, ਚੰਨ, ਸੂਰਜ, ਤਾਰੇ, ਪਹਾੜ, ਪੰਛੀ ਸਭ ਇਸ ਵਿਸਮਾਦੀ ਵਰਤਾਰੇ ਨਾਲ ਪ੍ਰਭਾਵਿਤ ਹੋਏ ਪ੍ਰਤੀਤ ਹੁੰਦੇ ਹਨ। ਬਸੰਤ ਦੇ ਆਗਮਨ ਨਾਲ ਬਨਸਪਤੀ ਮਉਲ ਉਠੀ, ਮਨ ਮਉਲਿਆ, ਸਾਰਾ ਬ੍ਰਹਿਮੰਡ ਹੀ ਆਨੰਦਿਤ ਅਤੇ ਖਿੜਿਆ ਦਿੱਸ ਆਉਂਦਾ ਹੈ। ਮਨੁੱਖੀ ਸੁਭਾਅ ਮਚਲਦਾ ਆਪਣੇ ਆਪ ਨੂੰ ਕਿਸੇ ਰੰਗ ਵਿਚ ਰੰਙਣ ਲਈ ਲਲਚਾਉਂਦਾ ਆਪਣੀ ਸੌੜੀ ਸਮਝ ਕਰਕੇ ਬਾਹਰੀ ਸ਼ੋਖ ਰੰਗਾਂ ਵਿਚ ਆਪਾ ਰੰਗ ਕੇ ਆਪਣੇ ਅੰਦਰੂਨੀ ਭਾਵ ਪ੍ਰਗਟ ਕਰਦਾ ਝੂਮਰ ਪਾਉਂਦਾ ਹੈ।

ਸਮੇਂ ਦੇ ਗੁਜ਼ਰਨ ਨਾਲ ਧਰਤੀ 'ਤੇ ਸਥਾਪਤ ਮਰਿਆਦਾਵਾਂ ਵਿਚ ਸੁਭਾਵਿਕ ਪਰਿਵਰਤਨ ਆਉਂਦਾ ਹੈ। ਉਸ ਨਾਲ ਕਈ ਵਾਰ ਅਸਲ ਧੁੰਧਲਾ ਜਾਂਦਾ ਹੈ ਤੇ ਨਕਲ ਆਪਣਾ ਨਵਾਂ ਰੂਪ ਨਵੇਂ ਤਰੀਕੇ ਨਾਲ ਪੇਸ਼ ਕਰਦੀ ਹੈ। ਚੇਤੰਨ ਕੌਮਾਂ ਨੂੰ ਆਪਣੇ ਵਿਰਸੇ ਪ੍ਰਤੀ ਵਫਾਦਾਰੀ ਵਾਸਤੇ ਨਕਲ ਤੋਂ ਸਾਵਧਾਨੀ ਲਾਜ਼ਮੀ ਹੈ। ਖਾਲਸਾ ਪੰਥ ਨੂੰ ਮੌਜੂਦਾ ਸਮੇਂ ਵਿਚ ਬੜੀ ਜਾਗਰਤੀ ਨਾਲ ਗੁਰਪੁਰਬ ਅਤੇ ਤਿਉਹਾਰ ਮਨਾਉਣ ਦਾ ਉਦਮ ਜਾਰੀ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਖਸ਼ੀ ਖਾਲਿਸ ਰਹਿਨੁਮਾਈ ਨੂੰ ਖਾਲਿਸ ਰੂਪ ਵਿਚ ਹੀ ਕ੍ਰਿਆਤਮਿਕਤਾ ਦੇਣੀ ਚਾਹੀਦੀ ਹੈ। ਇਸ ਵਿੱਚੋਂ ਰੂਹਾਨੀਅਤ ਅਤੇ ਦਾਨਿਸ਼ਪੁਣਾ ਝਲਕਣਾ ਲਾਜ਼ਮੀ ਹੈ। ਖਾਲਸੇ ਨੇ ਰੱਬੀ ਸਰੂਰ ਵਿਚ ਰੰਗੀਜ ਕੇ ਸੂਰਬੀਰਤਾ ਹਾਸਲ ਕਰਨੀ ਹੈ ਅਤੇ ਆਪਣੀ ਤਾਕਤ ਨੂੰ ਸਰਬੱਤ ਦੇ ਭਲੇ ਲਈ ਖਰਚਣਾ ਆਪਣਾ ਪਰਮ ਉਦੇਸ਼ ਸਮਝਣਾ ਹੈ।

# ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ

ਗਿਆਨੀ ਹਰਬੰਸ ਸਿੰਘ ਨਿਰਮਲ

**ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ।... ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।**



ਹਰੇਕ ਤਿਉਹਾਰ ਦੇ ਮਨਾਉਣ ਪਿੱਛੇ ਕੋਈ ਨਾ ਕੋਈ ਭਾਵਨਾ ਜ਼ਰੂਰ ਹੁੰਦੀ ਹੈ। ਤਿਉਹਾਰ ਮਨਾਉਂਦਿਆਂ ਇਹ ਖਿਆਲ ਰੱਖਣਾ ਚਾਹੀਦਾ ਕਿ ਕਿਤੇ ਅਸੀਂ ਰਸਮੀ ਤੌਰ 'ਤੇ ਤਾਂ ਨਹੀਂ ਮਨਾ ਰਹੇ!

ਹੋਲੀ ਦਾ ਤਿਉਹਾਰ ਚੇਤ ਸੁਦੀ ਏਕਮ ਨੂੰ ਆਉਂਦਾ ਹੈ ਜੋ ਕਿ ਇਕ ਹਿੰਦੂ ਤਿਉਹਾਰ ਹੀ ਮੰਨਿਆ ਜਾਂਦਾ ਹੈ। 'ਹੋਲੀ' ਸ਼ਬਦ 'ਹੋਰੀ' ਤੋਂ ਪ੍ਰਚਲਤ ਹੋਇਆ ਹੈ। ਹੋਲਿਕਾ (ਢੂੰਡਾ), ਪ੍ਰਹਿਲਾਦ ਦੀ ਭੂਆ ਸੀ। ਇਹ ਤਿਉਹਾਰ ਹੌਲੀ-ਹੌਲੀ ਸ਼ੋਰ-ਸ਼ਰਾਬੇ, ਗੰਦ-ਮੰਦ ਬੋਲਣ, ਸ਼ਰਾਬ ਆਦਿ ਨਸ਼ੇ ਪੀਣ ਤਕ ਹੀ ਸੀਮਤ ਹੋ ਚੁੱਕਾ ਸੀ:

**ਮੇਲੇ ਇਸੀ ਹੇਤ ਕੋ ਬਨੇ।**
**ਇਕ ਤੌ ਲਾਭ ਲੇਨਿ ਕੋ ਆਵੈਂ।**
**ਸਤਿ ਪੁਰਸ਼ਨਿ ਕੇ ਦਰਸਨ ਪਾਵੈਂ॥੧੯॥**
**ਮੱਜਹਿਂ ਤੀਰਥ ਕੋ ਉਤਸਾਹੂ।**
**ਆਵੈਂ ਸਭਿਨਿ ਮਹੋਛਯਾਂ ਮਾਂਹੂ।...**
**ਹਿੰਦੁਨਿ ਕੇ ਦਿਨ ਹੋਲਿ ਦਿਵਾਲੀ।**
**ਇੱਤਯਾਦਿਕ ਦਿਨ ਚਲਹਿ ਕੁਚਾਲੀ॥੨੭॥**
**ਬਿਨਾ ਲਾਜ ਤੇ ਹੁਇ ਨਰ ਨਾਰੀ।**
**ਕਰਹਿਂ ਖਰਾਬਾ ਕਾਢਤਿ ਗਾਰੀ।**

**(ਗੁਰਪ੍ਰਤਾਪ ਸੂਰਜ, ਰੁਤ ੩, ਅੰਸੂ ੩੩)**

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੮੦ 'ਤੇ ਗੁਰੂ ਅਰਜਨ ਸਾਹਿਬ ਜੀ ਵਲੋਂ 'ਹੋਲੀ' ਸ਼ਬਦ ਨੂੰ ਦੋ ਰੂਪਾਂ ਵਿਚ ਵਰਤਿਆ ਹੈ ਇਕ ਸਤਰ ਵਿਚ 'ਫਾਗ' ਤੇ ਦੂਜੀ ਸਤਰ ਵਿਚ 'ਹੋਲੀ' ਸਪੱਸ਼ਟ ਰੂਪ ਵਰਤਿਆ ਹੈ। ਦੋਨਾਂ ਥਾਵਾਂ 'ਤੇ ਇਕੋ ਹੀ ਅਰਥ ਹੈ। ਸਵਾਲ ਤਾਂ ਇਹ ਹੈ ਕਿ ਸਿੱਖਾਂ ਦੀ ਹੋਲੀ ਕਿਹੋ ਜਿਹੀ ਹੋਣੀ ਚਾਹੀਦੀ ਹੈ?

ਗੁਰੂ ਸਾਹਿਬ ਕਹਿੰਦੇ ਹਨ (ਪਰਮਾਤਮਾ ਦੀ ਸਿਫਤ ਸਾਲਾਹ ਦੀ ਬਰਕਤ ਨਾਲ) ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣ ਗਈ ਜੋ ਪ੍ਰਭੂ ਦੇ ਸੰਤ ਜਨ (ਸਾਧ ਸੰਗਤ ਵਿਚ) ਮਿਲ ਕੇ ਇਹ ਹੋਲੀ ਖੇਡਣ ਲੱਗ ਪਏ।

ਬਾਹਰੀ ਰੰਗ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਘਟੀਆ ਕਿਸਮ ਦੇ ਕੈਮੀਕਲ ਪਾ ਕੇ ਰੰਗ ਬਣਾਏ ਜਾਂਦੇ ਹਨ, ਜਿਨ੍ਹਾਂ ਨਾਲ ਸਰੀਰ ਦੀ ਚਮੜੀ ਨੂੰ ਕਈ ਤਰ੍ਹਾਂ ਦੇ ਨੁਕਸਾਨ ਹੋਣ ਦਾ ਡਰ ਹੁੰਦਾ ਹੈ, ਕੀ ਗੰਦ-ਮੰਦ ਲੋਕਾਂ ਉਤੇ ਪਾਉਣ ਦਾ ਨਾਮ ਹੀ ਹੋਲੀ ਹੈ? ਕੀ ਸ਼ਰਾਬ ਆਦਿ ਨਸ਼ੇ ਪੀ ਕੇ ਧੁੱਤ ਪਏ ਰਹਿਣ ਦਾ ਨਾਮ ਹੀ ਹੋਲੀ ਹੈ? ਹਰਗਿਜ਼ ਨਹੀਂ।

ਗੁਰੂ ਸਾਹਿਬ ਕਹਿੰਦੇ ਹਨ ਕਿ ਗੁਰਸਿੱਖਾਂ ਦੀ ਸੰਗਤ ਕਰਨੀ, ਗੁਰਮੁਖਾਂ ਸਤ-ਸੰਗੀਆਂ ਦੀ ਸੇਵਾ ਕਰਨੀ ਹੀ ਮੇਰੇ ਵਾਸਤੇ ਹੋਲੀ ਹੈ। ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ।

**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**

**(ਬਸੰਤ ਮਹਲਾ ੫, ਪੰਨਾ ੧੧੮੦)**

ਸਤ-ਸੰਗਤ ਕਰਨੀ, ਹੱਥੀਂ ਸੇਵਾ ਕਰਨੀ ਤੇ ਰੱਬੀ-ਸਿਮਰਨ ਵਿਚ, ਰੱਬੀ-ਪਿਆਰ ਵਿਚ ਗੜੂੰਦ ਹੋਣਾ ਹੀ ਸਿੱਖ ਦੀ ਹੋਲੀ ਹੈ।

ਗੁਰੂ ਸਾਹਿਬ ਨੇ ਹਰ ਇਕ ਤਿਉਹਾਰ ਵਿਚ ਸਾਨੂੰ ਕੋਈ ਨਾ ਕੋਈ ਸੇਧ ਦਿੱਤੀ ਹੈ। ਉਸ ਵੇਲੇ ਹਿੰਦੁਸਤਾਨੀ ਮਾਨਸਿਕਤਾ ਬਹੁਦੇਵ-ਪੂਜਾ ਵਿਚ ਉਲਝ ਚੁੱਕੀ ਸੀ ਅਤੇ ਦਿਖਾਵੇ ਦੇ ਕਰਮਾਂ-ਧਰਮਾਂ ਦੇ ਭਰਮ-ਜਾਲ ਵਿਚ ਬੜੀ ਬੁਰੀ ਤਰ੍ਹਾਂ ਫਸ ਚੁੱਕੀ ਸੀ। ਕਰਮ-ਜਾਲ ਦੀ ਗੁਲਾਮੀ ਦਾ ਜੂਲਾ, ਹਿੰਦੁਸਤਾਨੀਆਂ ਦੇ ਗਲ ਵਿਚ ਪੈ ਚੁੱਕਾ ਸੀ ਅਤੇ ਵਿਦੇਸ਼ੀ ਹਕੂਮਤ ਦਾ ਸਦੀਆਂ ਤੱਕ ਹਿੰਦੁਸਤਾਨ 'ਤੇ ਰਾਜ ਦਾ ਹੋਣਾ, ਹੋਰ ਵੀ ਦੁਰਦਸ਼ਾ ਦਾ ਕਾਰਨ ਸੀ ਜਿਸ ਵਿਚ ਭਾਰਤ ਵਾਸੀ ਨਾ ਘੋੜੇ 'ਤੇ ਚੜ੍ਹ ਸਕਦਾ ਸੀ, ਨਾ ਪੱਗ ਬੰਨ੍ਹ ਸਕਦਾ ਸੀ; ਸਿਰ 'ਤੇ ਪੱਗ ਕੇਵਲ ਉਹੋ ਹੀ ਰੱਖ ਸਕਦਾ ਸੀ, ਜਿਸ ਨੂੰ ਸਰਕਾਰੀ ਤੌਰ 'ਤੇ ਮਿਲੀ ਹੋਵੇ। ਨਾ ਹੀ ਉੱਚੀ ਜਗ੍ਹਾ 'ਤੇ ਬੈਠਣਾ ਕਿਸੇ ਨੂੰ ਨਸੀਬ ਸੀ, ਨਾ ਕੋਈ ਹਥਿਆਰ ਰੱਖ ਸਕਦਾ ਸੀ। ਹਥਿਆਰ ਰੱਖਣੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਕਿਸੇ ਦੀ ਜ਼ਨਾਨੀ ਨੂੰ ਇਕ ਮੁਸਲਮਾਨ ਨਵਾਬ ਦੇ ਬੰਦੇ ਖੋਹ ਕੇ ਲੈ ਗਏ। ਉਹ ਸਾਰੇ ਰਲ ਕੇ ਗੁਰੂ ਸਾਹਿਬ ਕੋਲ ਆ ਫਰਿਆਦੀ ਹੋਏ। ਆ ਕੇ ਕਿਹਾ, ਜੀ! ਮੇਰੀ ਵਹੁਟੀ ਨੂੰ ਨਵਾਬ ਦੇ ਬੰਦੇ ਖੋਹ ਕੇ ਲੈ ਗਏ ਹਨ।

ਗੁਰੂ ਜੀ : ਉਹ ਕਿੰਨੇ ਆਦਮੀ ਸਨ?

ਫਰਿਆਦੀ : ਜੀ, ਉਹ ਚਾਰ ਆਦਮੀ ਸਨ।

ਗੁਰੂ ਜੀ : ਤੁਸੀਂ ਕਿੰਨੇ ਸਓ?

ਫਰਿਆਦੀ : ਜੀ, ਅਸੀਂ ਵੀਹ ਸਾਂ।

ਗੁਰੂ ਜੀ : ਹੈਰਾਨਗੀ ਦੀ ਗੱਲ ਆ ਕਿ ਲੁਟੇਰੇ ੪ ਸਨ ਤੇ ਮੂਰਤੀਆਂ ਵੀਹ!

ਕਹਿਣ ਤੋਂ ਭਾਵ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਦੇ ਵੀ ਢਹਿੰਦੀ ਕਲਾ ਵਿਚ ਨਹੀਂ ਜਾਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ; ਜਿਵੇਂ ਇਕ ਨੂੰ ਸਵਾ ਲੱਖ, ਟੁੰਡੇ ਨੂੰ ਲਖਬਾਂਹਾ, ਗੰਜੇ ਨੂੰ ਕਲਗਾ ਸਿੰਘ, ਲੰਗੜੇ ਨੂੰ ਸੁਚਾਲਾ, ਕਾਣੇ ਨੂੰ ਲਖ-ਨੇਤਰਾ, ਅੰਨ੍ਹੇ ਨੂੰ ਸੂਰਮਾ ਸਿੰਘ, ਤਾਪ ਚੜ੍ਹੇ ਨੂੰ ਆਕੜ ਭੰਨ, ਭੁੱਖੇ ਨੂੰ ਕੜਾਕਾ ਕੱਟ ਰਿਹਾ, ਮਰ ਗਏ ਨੂੰ ਚੜ੍ਹਾਈ ਕਰ ਗਿਆ, ਭੁੱਜੇ ਛੋਲਿਆਂ ਨੂੰ ਬਦਾਮ, ਤਲਵਾਰ ਨੂੰ ਸ੍ਰੀ ਸਾਹਿਬ, ਤੇਗ ਨੂੰ ਤੇਗਾ, ਦਾੜ੍ਹੀ ਨੂੰ ਦਾੜ੍ਹਾ, ਮੁੱਛਾਂ ਨੂੰ ਮੁਛਹਿਰਾ, ਪੱਗ ਨੂੰ ਦਸਤਾਰਾ ਆਦਿ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਕਵੀ ਨਿਹਾਲ ਸਿੰਘ ਜੀ ਲਿਖਦੇ ਹਨ :

**ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।**
**ਛਕਾ ਪ੍ਰਸਾਦ ਸਜਾ ਦਸਤਾਰਾ ਅਰ ਕਰਦੌਨਾ ਟੋਲਾ ਹੈ।**
**ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ।**
**ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।**

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :

'ਹਮਲਾ ਅਤੇ ਜਾਯ ਹਮਲਾ। ਹੱਲਾ ਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦੇਂਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।'

(ਮਹਾਨ ਕੋਸ਼, ਪੰਨਾ ੨੮੩, ਪ੍ਰਕਾਸ਼ਕ ਭਾਸ਼ਾ ਵਿਭਾਗ)

ਚੇਤ ਸੁਦੀ ਏਕਮ ਸੰਮਤ ੧੭੫੭ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਨੂੰ ਸਦਾ ਚੜ੍ਹਦੀਆਂ ਕਲਾਂ ਬਖ਼ਸ਼ਣ ਲਈ, ਹੌਂਸਲੇ ਬੁਲੰਦ ਕਰਨ ਲਈ, ਜੰਗੀ ਅਭਿਆਸ ਕਰਾਏ। ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਖਾਸ ਨਿਸ਼ਾਨਾ ਮਿਥ ਕੇ ਉਸ 'ਤੇ ਇਕ ਦਲ ਕਾਬਜ਼ ਹੋ ਬੈਠਦਾ, ਦੂਸਰੇ ਦਲ ਨੂੰ ਉਸ ਤੋਂ ਕਬਜ਼ਾ ਲੈਣ ਵਾਸਤੇ ਹਮਲਾ ਕਰਨ ਲਈ ਆਖਿਆ ਜਾਂਦਾ। ਦੋਵੇਂ ਦਲ ਆਪੋ-ਆਪਣੀ ਤਾਕਤ ਦਾ ਮੁਜ਼ਾਹਰਾ ਕਰਦੇ, ਜ਼ੋਰ ਅਜ਼ਮਾਈ ਹੁੰਦੀ। ਇਕ ਦਲ ਕਬਜ਼ਾ ਬਰਕਰਾਰ ਰੱਖਣ ਲਈ ਜ਼ੋਰ ਲਾਉਂਦਾ, ਦੂਜਾ ਕਬਜ਼ਾ ਲੈਣ ਵਾਸਤੇ ਜ਼ੋਰ ਲਾਉਂਦਾ। ਜੰਮ ਕੇ ਲੜਾਈ ਹੁੰਦੀ, ਟਾਕਰਾ ਹੁੰਦਾ, ਨਗਾਰੇ ਧੌਂਸੇ ਵੱਜਦੇ, ਤਲਵਾਰਾਂ 'ਤੇ ਤਲਵਾਰਾਂ ਖੜਕਦੀਆਂ, ਫਤਿਹ ਦੇ ਜੈਕਾਰੇ ਗੂੰਜਦੇ, ਫਿਰ ਫੌਜੀ ਸਜ-ਧਜ ਨਾਲ ਨਗਾਰੇ, ਰਣਸਿੰਘਿਆਂ ਦੀ ਘਨਘੋਰ ਵਿਚ ਇਕ ਜਲੂਸ ਨਿਕਲਦਾ, ਸਾਰੇ ਨਗਰ ਦਾ ਚੱਕਰ ਲਾਇਆ ਜਾਂਦਾ। ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦੇ ਸਮੇਂ ਇਹ ਨਜ਼ਾਰੇ ਦੇਖਣ ਨੂੰ ਮਿਲਦੇ ਹਨ।

ਪਰ ਖ਼ਾਲਸਾ ਜੀ! ਅੱਜ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਵਧੇਰੇ ਲੋੜ ਹੈ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ? ਕੀ ਇਹ ਦਿਨ-ਤਿਉਹਾਰ ਰਸਮੀ ਤੌਰ 'ਤੇ ਮਨਾਉਣ ਤੱਕ ਹੀ ਸੀਮਤ ਰਹਿਣਾ ਹੈ ਜਾਂ ਇਨ੍ਹਾਂ ਵਿਚੋਂ ਸਿੱਖਣ ਦੀ ਜਾਂ ਕੁਝ ਹੋਰ ਕਰਨ ਦੀ ਵੀ ਲੋੜ ਹੈ? ਗੁਰੂ ਸਾਹਿਬ ਨੇ ਕਰਨੀ ਨੂੰ ਪ੍ਰਧਾਨ ਮੰਨਿਆ ਹੈ :

**ਕਰਣੀ ਬਿਨਾ ਤਰਹਿ ਨਹਿਂ ਕੋਊ।**
**ਕਰਣੀ ਖਾਲੀ ਜਾਇ ਨ ਸੋਊ॥੩੦॥**
**ਧਰਿ ਧਰਿ ਬੇਖ ਦੇਤਿ ਉਪਦੇਸ਼।**
**ਬਿਨ ਕਰਣੀ ਦੁਖ ਪਾਇਂ ਵਿਸ਼ੇਸ਼।**

**(ਉਹੀ)**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਵਣਜਾਰੇ ਸਿੱਖ ਦੇ ਪੁੱਤਰ ਨੂੰ ਜ਼ਿੰਦਾ ਕਰਨਾ

ਗੋਰਖਮਤਾ, ਜਿਸ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਥੇ ਪੁੱਜਣ ਤੇ ਨਾਨਕ ਮਤਾ ਪ੍ਰਸਿੱਧ ਹੋਇਆ। ਨਾਨਕ ਮਤੇ ਦੇ ਨੇੜੇ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਵਣਜਾਰਿਆਂ ਦੇ ਨਗਰ ਪੁੱਜੇ। ਉਸ ਨਗਰ ਵਿਚ ਇਕ ਵਣਜਾਰੇ ਦਾ ਇੱਕੋ ਹੀ ਪੁੱਤਰ ਸੀ, ਉਹ ਚਲਾਣਾ ਕਰ ਗਿਆ। ਉਨ੍ਹਾਂ ਨੂੰ ਰੋਂਦਿਆਂ ਪਿਟਦਿਆਂ, ਵਿਰਲਾਪ ਕਰਦਿਆਂ ਵੇਖ ਕੇ ਸਤਿਗੁਰੂ ਜੀ ਦਇਆ ਦੇ ਘਰ ਆਏ। ਉਥੇ ਸਤਿਗੁਰੂ ਜੀ ਨੇ ਪਹਿਰਿਆਂ ਰਾਹੀਂ ਵਣਜਾਰੇ ਨੂੰ ਮੁਖਾਤਬ ਕਰਕੇ ਬੜਾ ਵੈਰਾਗਮਈ ਉਪਦੇਸ਼ ਦੇ ਕੇ ਸਾਵਧਾਨ ਕੀਤਾ ਅਤੇ ਉਸ ਦੇ ਪੁੱਤਰ ਨੂੰ ਜ਼ਿੰਦਾ ਕਰਕੇ ਨਾਮ ਬਾਣੀ ਦਾ ਉਪਦੇਸ਼ ਦਿੱਤਾ। ਜੈਸਾ ਕਿ –

**ਪਹਿਲੈ ਪਹਰੈ ਰੈਣ ਕੈ ਵਣਜਾਰਿਆ**
**ਮਿਤਰਾ ਹੁਕਮਿ ਪਇਆ ਗਰਭਾਸਿ ॥**

(**ਸ੍ਰੀ ਰਾਗ ਮਹਲਾ ੧, ਪੰਨਾ ੭੪**)

## ਭਾਈ ਹਸਨਾ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਰਮ ਸਿੱਖ, ਭਾਈ ਬੋਹਰੇ ਵਣਜਾਰੇ ਦਾ ਪੁੱਤਰ ਭਾਈ ਹਸਨਾ, ਜੋ ਦੇਸ਼ਾਂ ਦੇਸ਼ਾਂਤਰਾਂ ਵਿਚ ਜਾ ਕੇ ਵਪਾਰ ਦਾ ਕੰਮ ਕਰਦਾ ਸੀ। ਦੇਸ਼ਾਂਤਰ ਤੋਂ ਸ਼ੱਕਰ ਲਿਆਇਆ ਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ–ਪਾਤਸ਼ਾਹ ! ਦਾਸ ਸ਼ੱਕਰ ਲਿਆਇਆ ਹੈ, ਭੇਟਾ ਕਬੂਲ ਕਰੋ। ਸਤਿਗੁਰੂ ਜੀ ਨੇ ਭਾਈ ਹਸਨੇ ਦੀ ਪਰਖ ਲਈ ਬਚਨ ਕੀਤਾ ਕਿ ਸ਼ੱਕਰ ਖੂਹ ਵਿਚ ਸੁਟ ਦੇ। ਭਾਈ ਹਸਨੇ ਨੇ ਖਿੜੇ ਮੱਥੇ ਸਤਿਗੁਰੂ ਜੀ ਦਾ ਬਚਨ ਮੰਨਿਆ ਤੇ ਸਾਰੀ ਸ਼ੱਕਰ ਖੂਹ ਵਿਚ ਸੁੱਟ ਦਿੱਤੀ। ਸਤਿਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਕਿਹਾ–ਭਾਈ ਹਸਨਾ ਤੇਰੀ ਭੇਟਾ ਪ੍ਰਵਾਨ ਹੋ ਗਈ, ਮੰਗ ਜੋ ਕੁੱਝ ਮੰਗਣਾ ਹੈ। ਭਾਈ ਹਸਨਾ ਹੱਥ ਜੋੜ ਕੇ ਕਿਹਾ ਕਿ ਪਾਤਸ਼ਾਹ ! ਸਭ ਆਪ ਦੀ ਕਿਰਪਾ ਹੈ। ਜੇ ਇਸ ਗਰੀਬ ਤੇ ਨਿਮਾਣੇ ਸੇਵਕ ਤੇ ਕਿਰਪਾ ਕਰਦੇ ਹੋ ਤਾਂ ਸਿੱਖੀ ਦੀ ਦਾਤ ਬਖਸ਼ੋ। ਸਤਿਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਤੇ ਕ੍ਰਿਪਾ ਕੀਤੀ ਤੇ ਭਾਈ ਹਸਨੇ ਨੂੰ ਸਿੱਖੀ ਦੀ ਦਾਤ ਬਖਸ਼ੀ। ਤੇ ਨਾਲ ਹੀ ਇਹ ਬਚਨ ਕੀਤਾ ਕਿ ਜੋ ਕੋਈ ਸਿੱਖ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਸ਼ਰਧਾ ਨਾਲ ਆਵੇਗਾ, ਉਹ ਪਹਿਲੇ ਇਸ ਖੂਹੀ ਤੇ ਇਸ਼ਨਾਨ ਕਰੇਗਾ, ਫਿਰ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦੀਆਂ ਮਨੋਕਾਮਨਾ ਪੂਰੀਆਂ ਹੋਣਗੀਆਂ। ਇਹ ਖੂਹੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੀ ਦੱਖਣ ਵਾਲੀ ਬਾਹੀ ਵੱਲ ਸ਼ੱਕਰੀ ਖੂਹੀ ਦੇ ਨਾਮ ਕਰਕੇ ਪ੍ਰਸਿੱਧ ਹੈ। ਕਮੇਟੀ ਨੇ ਹੁਣ ਇਸ ਖੂਹੀ ਵਿਚ ਮੋਟਰ ਲੁਆ ਦਿੱਤੀ ਹੈ ਅਤੇ ਇਸ ਦੇ ਉੱਤੇ ਕਮਰਾ ਬਣਿਆ ਹੋਇਆ ਹੈ। (ਦਾਸ ਬਹੁਤ ਸਾਰੇ ਸ਼ਰਧਾਲੂਆਂ ਨੂੰ ਇਸ ਖੂਹੀ ਤੇ ਇਸ਼ਨਾਨ ਕਰਕੇ ਫਿਰ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਦੇ ਅੱਖੀਂ ਦੇਖਦਾ ਰਿਹਾ ਹੈ)। ਰਾਮਦਾਸ, ਵੀਰ ਸਿੰਘ ਜੀ ਗਹੋਤਾਂ ਵਾਲਿਆਂ ਇਕ ਵੇਰ ਮੈਨੂੰ ਦੱਸਿਆ ਸੀ ਕਿ ਸਾਡੇ ਖ਼ਾਨਦਾਨ ਦਾ ਬਾਬੇ ਹਸਨੇ ਨਾਲ ਹੀ ਸੰਬੰਧ ਹੈ ਅਤੇ ਉਹ ਦੱਸਦੇ ਸਨ ਕਿ ਸਾਨੂੰ ਸਿੱਖੀ ਬਾਬੇ ਹਸਨੇ ਤੋਂ ਹੀ ਪ੍ਰਾਪਤ ਹੋਈ ਹੈ।

## ਗੋਰਖ ਮਤੇ ਦੇ ਨੇੜੇ ਦੇ ਵਣਜਾਰੇ

ਨਾਨਕ ਮਤੇ ਦੇ ਪਵਿੱਤਰ ਅਸਥਾਨ ਦੀ ਜਦੋਂ ਸਿੱਧਾਂ ਬੇਅਦਬੀ ਕੀਤੀ ਤਾਂ ਅਲਮਸਤ ਸਾਧ, ਜੋ ਇਸ ਅਸਥਾਨ ਦੀ ਸੇਵਾ ਕਰਦਾ ਸੀ, ਉਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲ ਆਪਣੇ ਵੱਲੋਂ ਬੇਨਤੀ ਕਰ ਘੱਲੀ ਕਿ ਸਤਿਗੁਰੂ ਜੀ ! ਸਿੱਧ ਇਸ ਅਸਥਾਨ ਤੇ ਆਪਣਾ ਦਾਅਵਾ ਕਰਦੇ ਹਨ ਤੇ ਸਤਿਗੁਰਾਂ ਦੇ ਅਸਥਾਨ ਦੀ ਬੇਅਦਬੀ ਕਰ ਰਹੇ ਹਨ। ਮੇਰਾ ਕੋਈ ਚਾਰਾ ਨਹੀਂ, ਆਪ ਕਿਰਪਾ ਕਰੋ, ਦਰਸ਼ਨ ਦਿਉ ਤੇ ਸਤਿਗੁਰਾਂ ਦੇ ਅਸਥਾਨ ਦੀ ਬੇਅਦਬੀ ਹੋਣੋਂ ਹਟਾਵੋ। ਅਲਮਸਤ ਸਾਧ ਦੀ ਬੇਨਤੀ ਪ੍ਰਵਾਨ ਕਰਕੇ ਮੀਰੀ–ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਨਕ ਮਤੇ ਪੁੱਜੇ। ਸਿੱਧਾਂ ਨੂੰ ਅਤੇ ਉਨ੍ਹਾਂ ਦੇ ਚੇਲਿਆਂ ਨੂੰ ਯੋਗ ਦੰਡ ਦਿੱਤਾ। ਕੁੱਝ ਸਿੱਧ ਡਰਦੇ ਨੱਸ ਗਏ। ਸਤਿਗੁਰੂ ਜੀ ਦਾ ਆਗਮਨ ਸੁਣ ਕੇ ਬਹੁਤ ਸਾਰੇ ਨੇੜੇ ਦੇ ਪਿੰਡਾਂ ਦੇ ਵਣਜਾਰੇ ਸਿੱਖ ਦਰਸ਼ਨਾਂ ਲਈ ਆਏ। ਸਤਿਗੁਰੂ ਜੀ ਦੇ ਚਰਨਾਂ ਵਿਚ ਭੇਟਾ ਰੱਖੀਆਂ। ਸਤਿਗੁਰੂ ਜੀ ਇਨ੍ਹਾਂ ਵਣਜਾਰੇ ਸਿੱਖਾਂ ਦੀ ਸ਼ਰਧਾ ਵੇਖ ਬੜੇ ਪ੍ਰਸੰਨ ਹੋਏ ਅਤੇ ਇਨ੍ਹਾਂ ਦੀਆਂ ਮਨੋਕਾਮਨਾਂ ਪੂਰੀਆਂ ਕੀਤੀਆਂ। ਜਿਸ ਤਰ੍ਹਾਂ ਕਿ ਭਾਈ ਸੰਤੋਖ ਜੀ ਨੇ ਗੁਰੂ ਪ੍ਰਤਾਪ ਸੂਰਜ, ਰਾਜ ਪੰਜਵੀਂ ਅੰਸੂ 35 ਵਿਚ ਹੇਠ ਲਿਖੇ ਅਨੁਸਾਰ ਵਰਨਣ ਕੀਤਾ ਹੈ –

**ਨਗਰਨ ਮਹਿਬਹੁ ਸਿੱਖ ਵਣਜਾਰੇ।**
**ਧਨੀ ਬਿਧਾਲ ਕਰਹਿ ਬਿਵਹਾਰੇ।**
**ਅਰਪਹਿ ਦਰਬ ਸਰਬ ਤਹਿ ਆਨ।**
**ਗੁਰੂ ਕਾਮਨਾ ਪੂਰਹਿ ਮਹਾਨ।**

## ਅਪੀਲ


**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

*ਸ਼ਹੀਦੀ ਦਿਵਸ ’ਤੇ ਵਿਸ਼ੇਸ਼*

# ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

**ਗੁਰਚਰਨ ਸਿੰਘ ਨੂਰਪੁਰ**



28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ ’ਤੇ ਝੂਲ ਗਿਆ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, ‘ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।’ ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ ’ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਕੁੱਝ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਂਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 74 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ ’ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ ’ਤੇ ਖਤਮ ਹੋ ਜਾਂਦੀ ਹੈ। 35-40 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ ’ਤੇ ਝੰਡਾ ਲਹਿਰਾਅ ਕੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ ’ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।


ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼ਬ੍ਹਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ



ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗ਼ਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

*(ਪਿਛਲੇ ਅੰਕ ਦੀ ਬਾਕੀ)*

# ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ - ਅਤੀਤ ਤੇ ਵਰਤਮਾਨ






**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸਹਿ-ਸੰਪਾਦਕ**
98141-28181


ਬਾਬੂ ਕਾਂਸ਼ੀ ਰਾਮ ਜੀ ਨੇ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਦੀ 32% ਵਸੋਂ ਦੇ ਜਿਹਨ ਵਿਚ ਇਹ ਗੱਲ ਬਿਠਾਉਣ ਦੀ ਕੋਸ਼ਿਸ਼ ਕੀਤੀ ਕਿ ਉਹਨਾਂ ਦੀ ਗਿਣਤੀ ਕੁਲ ਗਿਣਤੀ ਵਿਚ ਬਹੁਜਨ ਹੈ। ਸੂਬੇ ਦੇ ਕੁਲ ਵਸੋਂ ਵਿਚ ਇਹਨਾਂ ਜਾਤੀਆਂ ਦੀ ਗਿਣਤੀ ਬਾਕੀਆਂ ਨਾਲੋਂ ਵੱਧ ਹੋਣ ਕਰਕੇ ਸੂਬੇ ਵਿਚ ਉਹ ਬਹੁਜਨ ਸਮਾਜ ਹਨ। ਉਹ ਸਿਰਫ਼ ਪੰਜਾਬ ਦੀ ਨਹੀਂ ਸਗੋਂ ਉੱਤਰ ਪ੍ਰਦੇਸ਼ ਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ ਆਪਣੇ ਲੋਕਾਂ ਨੂੰ ਇਹ ਗੱਲ ਸਮਝਾਉਣ ਵਿਚ ਕਾਮਯਾਬ ਰਹੇ। ਦੂਸਰੇ ਪਾਸੇ ਪੰਜਾਬ ਰਾਜ ਵਿਚ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਤਕਰੀਬਨ 70 ਜਾਤੀਆਂ ਦੀ ਹੈ ਅਤੇ ਕੁਲ ਵਸੋਂ ਵਿਚ 42% ਹਿੱਸਾ ਹੈ। ਪ੍ਰੰਤੂ ਇਸ ਮੁੱਦੇ ਤੇ ਇਕੱਠੇ ਨਾਂ ਹੋਣ ਕਰਕੇ ਅੱਜ ਤੱਕ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ ਦੇ ਬਣਦੇ ਸੰਵਿਧਾਨਕ ਅਤੇ ਕਾਨੂੰਨੀ ਹੱਕ ਨੂੰ ਦੇਣ ਤੇ ਵੀ ਅੱਖਾਂ ਮੀਚੀ ਰੱਖੀਆਂ ਹਨ। ਲੋੜ ਹੈ ਸਭ ਜਾਤੀਆਂ ਨੂੰ ਇਸ ਮੁੱਦੇ ਤੇ ਇਕੱਠੇ ਹੋ ਕੇ ਇਕ ਫਰੰਟ ਜਾਂ ਫੈਡਰੇਸ਼ਨ ਬਣਾ ਕੇ ਸਰਕਾਰਾਂ ਉੱਤੇ ਹਰ ਤਰੀਕੇ ਨਾਲ ਦਬਾਅ ਬਣਾ ਕੇ ਆਪਣੇ ਇਸ ਕਾਨੂੰਨਨ ਤੇ ਸੰਵਿਧਾਨਕ ਹੱਕ ਨੂੰ ਪ੍ਰਾਪਤ ਕਰਨ ਤੱਕ ਸੰਘਰਸ਼ ਕਰਨ ਦਾ।

ਇਸ ਸਭ ਦੀ ਪ੍ਰਾਪਤੀ ਲਈ ਪਹਿਲਾਂ ਜ਼ਰੂਰੀ ਹੈ ਕਿ ਦੇਸ਼ ਦੀ ਜਨਗਣਨਾ ਜਾਤੀ ਦੇ ਅਧਾਰ ਤੇ ਕਰਵਾਉਣ ਲਈ ਕੇਂਦਰੀ ਸਰਕਾਰ ਤੇ ਦਬਾਅ ਬਣਾਉਣਾ। ਸੰਨ 2021 ਵਿਚ ਹੋਣ ਵਾਲੀ ਜਨਗਣਨਾ ਜੋ ਕਿ ਕਰੋਨਾ ਬੀਮਾਰੀ ਕਾਰਨ 2022 ਤੱਕ ਟਾਲ ਦਿੱਤੀ ਗਈ ਹੈ, ਲਈ ਦੇਸ਼ ਭਰ ਦੀਆਂ ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸਚਿਤ ਜਾਤਾਂ ਵੱਲੋਂ ਇਸ ਮੁੱਦੇ ਤੇ ਵੱਡੀ ਚਰਚਾ ਸ਼ੁਰੂ ਹੋ ਗਈ ਹੈ ਅਤੇ ਕਈ ਸਮਾਜਿਕ ਜਥੇਬੰਦੀਆਂ ਅਤੇ ਕੁਝ ਰਾਜਨੀਤਕ ਪਾਰਟੀਆਂ ਵੱਲੋਂ ਵੀ ਸੰਨ 2022 ਦੀ ਰਾਸ਼ਟਰੀ ਜਨਗਣਨਾ ਜਾਤੀ ਅਧਾਰਿਤ ਕਰਵਾਉਣ ਲਈ ਵੱਡਾ ਦਬਾਅ ਬਣਾਇਆ ਜਾ ਰਿਹਾ ਹੈ। ਜਾਤੀ ਅਧਾਰਿਤ ਜਨਗਣਨਾ ਹੋਣ ਨਾਲ ਹਰੇਕ ਜਾਤੀ ਨੂੰ ਸਮੁੱਚੇ ਦੇਸ਼ ਵਿਚ ਉਸਦੀ ਕਿੰਨੀ ਵਸੋਂ ਹੈ, ਦਾ ਪਤਾ ਚੱਲੇਗਾ ਅਤੇ ਆਪਣੀ ਗਿਣਤੀ ਦੇ ਅਧਾਰ ਤੇ ਉਹ ਆਪਣੇ ਹੱਕ ਮੰਗਣ ਲਈ ਲਾਮਬੰਦ ਹੋ ਸਕਣਗੇ। ਭਾਵੇਂ ਕਿ ਮੌਜੂਦਾ ਹਾਕਮ ਸਿਆਸੀ ਜਮਾਤ ਅਤੇ ਸਰਕਾਰ ਇਸ ਲਈ ਆਪਣੇ ਸਿਆਸੀ ਮੁਫਾਦਾਂ ਕਰਕੇ ਖੁਲ੍ਹ ਕੇ ਇਸ ਮੰਗ ਨੂੰ ਮੰਨਣ ਲਈ ਤਿਆਰ ਨਹੀਂ ਹੈ। ਜੇਕਰ ਪ੍ਰਭਾਵਿਤ ਲੋਕ ਲੋੜੀਂਦਾ ਦਬਾਅ ਬਣਾ ਕੇ ਇਸ ਨੂੰ ਲਾਗੂ ਕਰਵਾਉਣ ਲਈ ਸਰਕਾਰ ਨੂੰ ਤਿਆਰ ਕਰ ਸਕਣ ਤਾਂ ਇਹਨਾਂ ਜਾਤੀਆਂ ਲਈ ਜਿਥੇ ਸਮਾਜਿਕ, ਆਰਥਿਕ ਤੌਰ ਤੇ ਬਣਦੀਆਂ ਸਕੀਮਾਂ ਵਿਚ ਵੱਡੇ ਫਾਇਦੇ ਹੋਣਗੇ ਉਥੇ ਰਾਜਨੀਤਕ ਪਿੜ ਵਿਚ ਵੀ ਬੜਾ ਫਾਇਦਾ ਹੋਵੇਗਾ।

**ਲੁਬਾਣਾ ਬਰਾਦਰੀ ਤੇ ਰਾਖਵਾਂਕਰਨ -** ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦਾ ਹਿੱਸਾ ਬਣਾ ਰਹਿਣਾ ਚਾਹੀਦਾ ਹੈ ਜਾਂ ਨਹੀਂ ਇਹ ਵੀ ਅੱਜ ਦੇ ਸੰਦਰਭ ਵਿਚ ਇਕ ਬਹਿਸ ਦਾ ਵਿਸ਼ਾ ਹੈ। ਇਸ ਲਈ ਸਾਨੂੰ ਥੋੜ੍ਹਾ ਜਿਹਾ ਪਿੱਛੇ ਵੱਲ ਨੂੰ ਜਾਣਾ ਪਵੇਗਾ। ਲੁਬਾਣਾ ਬਰਾਦਰੀ ਦੇ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲਾ ਵਾਲਿਆਂ ਨੇ ਆਪਣੀ ਸਾਰੀ ਹਯਾਤੀ ਮੁੱਖ ਤੌਰ ਤੇ ਲੁਬਾਣਾ ਬਰਾਦਰੀ ਦੇ ਉਥਾਨ ਲਈ ਲਗਾ ਦਿੱਤੀ। ਬਰਾਦਰੀ ਨੂੰ ਸਿੱਖੀ ਨਾਲ ਜੋੜਨਾ, ਬਰਾਦਰੀ ਦੇ ਪਿੰਡਾਂ ਵਿਚ ਵਿਦਿਅਕ ਅਦਾਰੇ ਖੋਲ੍ਹਣੇ, ਬਰਾਦਰੀ ਵਿਚੋਂ ਸਮਾਜਿਕ ਕੁਰੀਤੀਆਂ ਖਤਮ ਕਰਨ ਲਈ ਵੱਡੇ ਪੱਧਰ ਤੇ ਕੋਸ਼ਿਸ਼ਾਂ ਕਰਨੀਆਂ ਸਿਰਫ਼ ਤੇ ਸਿਰਫ਼ ਬਰਾਦਰੀ ਨੂੰ ਉੱਚਾ ਚੁੱਕਣ ਤੇ ਆਉਣ ਵਾਲੇ ਭਵਿੱਖ ਲਈ ਬਰਾਦਰੀ ਨੂੰ ਸਮਰੱਥ ਬਣਾਉਣਾ ਉਹਨਾਂ ਦਾ ਜੀਵਨ ਨਿਸ਼ਾਨਾ ਰਿਹਾ। ਦੇਸ਼ ਦੀ ਵੰਡ ਵੇਲੇ ਸੰਤ ਮਹਾਰਾਜ ਪੰਜਾਬ ਦੀ ਸਾਂਝੀ ਅਸੈਂਬਲੀ ਵਿਚ ਮੈਂਬਰ ਸਨ। ਦੇਸ਼ ਦੀ ਆਜ਼ਾਦੀ ਜਦੋਂ ਲਗਪਗ ਸਾਹਮਣੇ ਨਜ਼ਰ ਆ ਰਹੀ ਸੀ ਅਤੇ ਦੇਸ਼ ਲਈ ਸੰਵਿਧਾਨ ਬਣਾਉਣ ਲਈ ਬਣਾਈ ਸੰਵਿਧਾਨ ਘਾੜਾ ਕਮੇਟੀ ਨੇ ਆਪਣੀਆਂ ਬੈਠਕਾਂ ਸ਼ੁਰੂ ਕਰ ਦਿੱਤੀਆਂ ਸਨ ਤਾਂ ਸੰਤ ਮਹਾਰਾਜ ਦੇ ਜਿਹਨ ਵਿਚ ਆਜ਼ਾਦ ਭਾਰਤ ਅਤੇ ਉਸ ਵਿਚ ਲੁਬਾਣਾ ਬਰਾਦਰੀ ਦਾ ਕੀ ਸਥਾਨ ਹੋਵੇਗਾ ਜਾਂ ਆਜ਼ਾਦੀ ਦਾ ਨਿੱਘ ਮਾਨਣ ਲਈ ਉਹਨਾਂ ਦੀ ਬਰਾਦਰੀ ਅਜ਼ਾਦ ਦੇਸ਼ ਵਿਚ ਕਿਹੜੀਆਂ-ਕਿਹੜੀਆਂ ਸਹੂਲਤਾਂ ਲੈ ਕੇ ਤਰੱਕੀ ਕਰ ਸਕੇਗੀ, ਇਹ ਮੁੱਦਾ ਵੀ ਉਹਨਾਂ ਦੇ ਜਿਹਨ ਵਿਚ ਸੀ। ਬਰਾਦਰੀ ਨੂੰ ਵੰਡ ਤੋਂ ਬਾਅਦ ਇਕ ਨਿਸ਼ਚਿਤ ਇਲਾਕੇ ਵਿਚ

ਇਕੱਠਿਆਂ ਬਿਠਾਉਣਾ, ਇਸ ਇਲਾਕੇ ਵਿਚ ਤਰੱਕੀਆਂ ਹੋਣਗੀਆਂ, ਸੜਕਾਂ ਦੇ ਜਾਲ ਵਿਛਣਗੇ ਦੀ ਭਵਿੱਖਬਾਣੀ ਕਰਨੀ, ਜਿਥੇ ਉਹਨਾਂ ਦੀ ਦਿਵ ਦ੍ਰਿਸ਼ਟੀ ਦੀ ਭਰਭੂਰਤਾ ਤੇ ਮੋਹਰ ਲਗਾਉਂਦੀ ਹੈ, ਉਥੇ ਉਹਨਾਂ ਦੀ ਸੋਚ ਦੀ ਪਹੁੰਚ ਕੇ ਅਜ਼ਾਦ ਦੇਸ਼ ਵਿਚ ਤਰੱਕੀਆਂ ਹੋਣਗੀਆਂ, ਸੜਕਾਂ ਬਨਣਗੀਆਂ, ਸਿਆਸੀ ਨੁਮਾਇੰਦੇ ਲੋਕਾਂ ਦੁਆਰਾ ਚੁਣੇ ਜਾਣਗੇ, ਜਿਨ੍ਹਾਂ ਦੇ ਹੱਥ ਵਿਚ ਇਲਾਕਿਆਂ ਦੀ ਤਰੱਕੀ ਦੀ ਜ਼ਿੰਮੇਵਾਰੀ ਹੋਵੇਗੀ ਆਦਿ ਦੇ ਅਧਾਰ ਤੇ ਹੀ ਉਹਨਾਂ ਦੀ ਸੋਚ ਅਤੇ ਭਵਿੱਖਬਾਣੀ ਸੀ। ਸੰਵਿਧਾਨ ਕਮੇਟੀ ਨੇ ਸੰਵਿਧਾਨ ਦਾ ਖਰੜਾ 26 ਨਵੰਬਰ 1949 ਨੂੰ ਸੰਪੂਰਨ ਕਰ ਲਿਆ ਸੀ। ਖਰੜੇ ਵਿਚ ਹੀ ਪੱਛੜੀਆਂ ਅਤੇ ਅਨੁਸੂਚਿਤ ਜਾਤੀਆਂ ਨੂੰ ਹੋਰਾਂ ਦੇ ਮੁਕਾਬਲੇ ਤਰੱਕੀ ਲਈ ਰਾਖਵਾਂਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ। ਆਰਥਿਕ ਤੇ ਵਿਦਿਅਕ ਪੱਖੋਂ ਪੱਛੜੀ ਲੁਬਾਣਾ ਬਰਾਦਰੀ ਨੂੰ ਰਾਖਵੇਂਕਰਨ ਦੀ ਸੂਚੀ ਵਿਚ ਸ਼ਾਮਲ ਕਰਵਾਉਣ ਲਈ ਸੰਤ ਮਹਾਰਾਜ ਨੇ ਆਪਣੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਦੇਸ਼ ਵਿਚ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋ ਗਿਆ। ਭਾਵੇਂ ਕਿ ਸੰਤ ਮਹਾਰਾਜ 30 ਜੂਨ 1950 ਨੂੰ ਇਸ ਸੰਸਾਰ ਤੋਂ ਵਿਦਾ ਹੋ ਗਏ ਪਰ ਆਉਂਦੇ ਕੁਝ ਹੀ ਸਾਲਾਂ ਵਿਚ ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦੇ ਰਾਖਵਾਂਕਰਨ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ।

ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੋਣ ਨਾਲ ਬਰਾਦਰੀ ਦੇ 1960 ਤੋਂ 1975 ਤੱਕ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਵਿਚੋਂ ਵਿਦਿਆ ਪ੍ਰਾਪਤ ਕਰਨ ਵਾਲੇ ਮੇਰੇ ਵਰਗੇ ਵਿਦਿਆਰਥੀਆਂ ਨੂੰ ਸਕੂਲੀ ਫੀਸਾਂ ਵਿਚ ਬੜੀ ਰਿਆਇਤ ਮਿਲੀ, ਜਿਸ ਕਾਰਨ ਆਰਥਿਕ ਤੌਰ ਤੇ ਕਮਜ਼ੋਰ ਵਿਦਿਆਰਥੀ ਵੀ ਮੁੱਢਲੀ ਵਿਦਿਆ ਮੁਫ਼ਤ ਪ੍ਰਾਪਤ ਕਰ ਸਕੇ। ਸਕੂਲਾਂ ਵਿਚ ਅਗੜੀ ਜਾਤੀਆਂ ਦੇ ਬੱਚਿਆਂ ਦੀ ਫੀਸ 17 ਰੁਪਏ ਮਹੀਨੇ ਤੇ ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਦੀ ਫੀਸ 1 ਤੋਂ 2 ਰੁਪਏ ਪ੍ਰਤੀ ਮਹੀਨਾ ਸੀ। ਵੱਡੀਆਂ ਕਲਾਸਾਂ ਵਿਚ ਇਹ ਫ਼ਰਕ 5 ਰੁਪਏ ਤੋਂ 78 ਰੁਪਏ ਤੱਕ ਦਾ ਸੀ। ਬਰਾਦਰੀ ਵਿਚ ਸਾਧਾਰਨ ਆਮਦਨੀ ਵਾਲੇ ਪਰਿਵਾਰਾਂ ਵੱਲੋਂ ਪ੍ਰਤੀ ਬੱਚਾ ਇਹ ਫੀਸ ਦੇਣੀ ਨਾਮੁਮਕਿਨ ਸੀ। ਸਾਲ ਬਾਅਦ ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਵਜ਼ੀਫਾ ਵੀ ਮਿਲਦਾ ਸੀ। ਜਿਸ ਕਾਰਨ ਪੇਂਡੂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿਚ ਦਾਖਲਾ ਲੈਣ ਵੇਲੇ ਪਿਛਲੀ ਜਮਾਤ ਦਾ ਮਿਲਣ ਵਾਲਾ ਵਜ਼ੀਫਾ ਹੀ ਮੁੱਖ ਸਹਾਰਾ ਸੀ। ਸਾਡੇ ਕਾਲਜ ਬੇਗੋਵਾਲ ਵਿਚ ਅਗਲੀ ਕਲਾਸ ਵਿਚ ਦਾਖ਼ਲਾ ਲੈਣ ਵੇਲੇ ਕਾਲਜ ਦਫ਼ਤਰ ਵਿਚ ਇਕ ਫਾਰਮ ਜਿਸ ਵਿਚ ਲਿਖਿਆ ਹੁੰਦਾ ਸੀ ਕਿ ਹੁਣ ਮੈਨੂੰ ਬਿਨਾਂ ਪੈਸਿਆਂ ਤੋਂ ਦਾਖਲ ਕਰ ਲਿਆ ਜਾਵੇ ਤੇ ਪੈਸੇ ਮੇਰੇ ਆਉਣ ਵਾਲੇ ਵਜ਼ੀਫੇ ਦੀ ਰਕਮ ਵਿਚੋਂ ਕੱਟ ਲਏ ਜਾਣ, ਲੈ ਕੇ ਹੀ ਦਾਖਲ ਕਰ ਲਿਆ ਜਾਂਦਾ ਸੀ। ਇਹ ਤਰੀਕਾ ਬਰਾਦਰੀ ਦੇ ਸਾਰੇ ਹੀ ਬੱਚਿਆਂ ਦੇ ਦਾਖਲੇ ਲਈ ਵਰਤਿਆ ਜਾਂਦਾ ਸੀ। ਇਸ ਤਰ੍ਹਾਂ ਹੀ ਇਸ ਵਜ਼ੀਫੇ ਦੇ ਆਸਰੇ ਹੀ ਮੈਂ ਅਤੇ ਮੇਰੇ ਹੋਰ ਬੜੇ ਸਾਥੀ ਵਿਦਿਆਰਥੀ ਆਪਣੀ ਬੀ.ਏ. ਤੱਕ ਦੀ ਪੜ੍ਹਾਈ ਪੂਰੀ ਕਰ ਸਕੇ।

ਵੇਖਣ ਵਿਚ ਆਇਆ ਹੈ ਕਿ ਬਰਾਦਰੀ ਦੇ ਕੁਝ ਆਰਥਿਕ ਤੌਰ ਤੇ ਸਮਰੱਥ ਹੋ ਚੁੱਕੇ ਵਿਅਕਤੀ ਇਸ ਰਾਖਵਾਂਕਰਨ ਨੂੰ ਹੁਣ ਖੁਸ਼ਹਾਲ ਹੋ ਚੁੱਕੀ ਬਰਾਦਰੀ ਤੇ ਇਕ ਧੱਬਾ ਮੰਨਦੇ ਹਨ ਤੇ ਇਸ ਨੂੰ ਜਾਰੀ ਰੱਖਣ ਦੇ ਹੱਕ ਵਿਚ ਨਹੀਂ। ਭਾਵੇਂ ਕਿ ਇਹ ਤੱਥ ਹੈ ਕਿ ਇਹਨਾਂ ਵਿਚ ਬਹੁਗਿਣਤੀ ਉਹਨਾਂ ਸੱਜਣਾਂ ਦੀ ਹੈ ਜਿਨ੍ਹਾਂ ਦੇ ਬੱਚੇ ਪੱਕੇ ਤੌਰ 'ਤੇ ਵਿਦੇਸ਼ਾਂ ਵਿਚ ਸਥਾਪਿਤ ਹੋ ਚੁੱਕੇ ਹਨ ਅਤੇ ਉਹਨਾਂ ਜਾਂ ਉਹਨਾਂ ਦੇ ਅਗਲੇ ਪਰਿਵਾਰਾਂ ਦੀ ਦੇਸ਼ ਮੁੜਨ ਦੀ ਸੰਭਾਵਨਾ ਬਹੁਤ ਘੱਟ ਹੈ ਜਾਂ ਅਜਿਹੇ ਵਿਅਕਤੀ ਜਿਹਨਾਂ ਨੇ ਜਾਂ ਤਾਂ ਆਪ ਖੁਦ ਜਾਂ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਹੋਰ ਬਰਾਦਰੀਆਂ ਵਿਚ ਕੀਤੀਆਂ ਹਨ ਤੇ ਉਹਨਾਂ ਨੂੰ ਪੱਛੜੀ ਜਾਤੀ ਦਾ ਧੱਬਾ ਰਿਸ਼ਤੇਦਾਰਾਂ ਨੂੰ ਮੁਕਾਬਲਾ ਦੇਣ ਵੇਲੇ ਬੜਾ ਚੁੱਭਦਾ ਹੈ।

ਅੱਜ ਵੀ ਬਰਾਦਰੀ ਦੇ ਆਰਥਿਕ ਪੱਧਰ ਨੂੰ ਜਾਂਚਣ ਵਿਚ ਇਕਸਾਰਤਾ ਨਹੀਂ ਹੈ। ਪਿੰਡਾਂ ਵਿਚ ਬਰਾਦਰੀ ਦੇ ਬਹੁਤ ਲੋਕ ਅੱਜ ਵੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ, ਉਹਨਾਂ ਦੇ ਬੱਚੇ ਸਰਕਾਰੀ ਤੇ ਮਾਨਤਾ ਪ੍ਰਾਪਤ ਸਕੂਲਾਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ। ਅਜਿਹੇ ਬੱਚੇ ਜੇ ਪੜ੍ਹ ਲਿਖ ਕੇ ਰਾਖਵਾਂਕਰਨ ਦੀ ਸਹੂਲਤ ਲੈ ਕੇ ਜ਼ਿੰਦਗੀ ਵਿਚ ਤਰੱਕੀਆਂ ਲੈ ਕੇ ਅੱਗੇ ਵੱਧ ਸਕਣ ਤਾਂ ਸਾਡੇ ਵਾਂਗੂੰ ਰਾਖਵਾਂਕਰਨ ਦੇ ਸ਼ੁਕਰਗੁਜ਼ਾਰ ਹੀ ਹੋਣਗੇ। ਵਿਦੇਸ਼ਾਂ ਵਿਚ ਹੱਡਭੰਨਵੀਂ ਮਿਹਨਤ ਕਰਕੇ ਕਮਾਈ ਕਰਦੇ ਕਾਫੀ ਲੋਕ ਅਜਿਹੇ ਹਨ ਜੋ ਹੁਣ ਸਮਰੱਥ ਹੋਣ ਕਾਰਨ ਆਪਣੇ ਬੱਚਿਆਂ ਨੂੰ ਦੇਸ਼ ਵਿਚ ਹੀ ਮੈਡੀਕਲ, ਇੰਜੀਨੀਅਰਿੰਗ, ਆਈ.ਟੀ.ਆਈ. ਤੇ ਆਈ.ਆਈ.ਐਮ. ਵਰਗੀਆਂ ਸੰਸਥਾਵਾਂ ਵਿਚ ਦਾਖਲੇ ਦੁਆ ਕੇ ਕੁਲ ਦੁਨੀਆਂ ਦੇ ਮੁਕਾਬਲੇ ਵਿਚ ਖੜ੍ਹਾ ਕਰਨਾ ਚਾਹੁੰਦੇ ਹਨ। ਹੁਣੇ-ਹੁਣੇ ਕੇਂਦਰੀ ਸਰਕਾਰ ਨੇ ਆਪਣੀਆਂ ਅਜਿਹੀਆਂ ਸੰਸਥਾਵਾਂ ਵਿਚ ਦਾਖ਼ਲਿਆਂ ਲਈ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 27% ਸੀਟਾਂ ਰਾਖਵੀਂਆਂ ਕੀਤੀਆਂ ਹਨ। ਜੇਕਰ ਬਰਾਦਰੀ ਦੇ ਹੋਣਹਾਰ ਬੱਚੇ ਇਸ ਰਾਖਵਾਂਕਰਨ ਦਾ ਫਾਇਦਾ ਲੈ ਕੇ ਅਜਿਹੀਆਂ ਸੰਸਥਾਵਾਂ ਵਿਚ ਦਾਖਲਾ ਲੈ ਕੇ ਉੱਚ ਅਹੁਦੇ ਪ੍ਰਾਪਤ ਕਰ ਸਕਣ ਤਾਂ ਵਿਦੇਸ਼ਾਂ ਵਿਚ ਦਿਹਾੜੀਦਾਰ ਮਜ਼ਦੂਰ ਬਨਣ ਨਾਲੋਂ ਹਜ਼ਾਰਾਂ ਦਰਜ਼ੇ ਚੰਗਾ ਹੋਵੇਗਾ।

ਬਰਾਦਰੀ ਦਾ ਰਾਖਵਾਂਕਰਨ ਸੂਚੀ ਵਿਚ ਰਹਿਣਾ ਕੋਈ ਧੱਬਾ ਨਹੀਂ, ਸਰਕਾਰ ਤੋਂ ਮਿਲਣ ਵਾਲੀਆਂ ਸਕੀਮਾਂ ਤੋਂ ਫਾਇਦਾ ਲੈਣਾ ਚਾਹੀਦਾ ਹੈ। ਹੁਣ ਤਾਂ ਦੇਸ਼ ਦੀਆਂ ਅਗੜੀਆਂ ਜਾਤੀਆਂ ਨੇ ਵੀ ਆਪਣੇ ਲਈ ਰਾਖਵਾਂਕਰਨ ਮੰਗਣਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਨੇ ਅਗੜੀਆਂ ਸ਼੍ਰੇਣੀਆਂ ਦਾ ਆਰਥਿਕ ਪੱਖੋਂ ਕਮਜ਼ੋਰ ਵਿਅਕਤੀਆਂ ਨੂੰ ਵੀ 10% ਰਾਖਵਾਂਕਰਨ ਦੇਣ ਦਾ ਐਲਾਨ ਕਰ ਦਿੱਤਾ ਹੈ। ਹੁਣ ਬਾਕੀ ਪੱਛੜੀਆਂ ਸ਼੍ਰੇਣੀਆਂ ਵਾਲੀਆਂ ਬਰਾਦਰੀਆਂ ਦੀ ਲੀਡਰਸ਼ਿਪ ਨੂੰ ਨਾਲ ਲੈ ਕੇ ਇਕ ਸਾਂਝਾ ਫਰੰਟ ਜਾਂ ਮੁਹਾਜ ਬਨਾਉਣ ਦੀ ਲੋੜ ਹੈ, ਜੋ ਕਿ ਮੰਡਲ ਕਮਿਸ਼ਨ ਤੇ ਭਾਰਤੀ ਸੁਪਰੀਮ ਕੋਰਟ ਵੱਲੋਂ ਜਾਇਜ਼ ਕਰਾਰ ਦਿੱਤੀ ਗਈ 27% ਰਾਖਵੇਂਕਰਨ ਨੂੰ ਪੰਜਾਬ ਰਾਜ ਵਿਚ ਵਿਦਿਆ, ਨੌਕਰੀਆਂ ਤੇ ਪਦਉੱਨਤੀਆਂ ਲਾਗੂ ਕਰਵਾਉਣ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਤੇ ਦਬਾਅ ਬਨਾਉਣ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਜਦੋ ਜਹਿਦ ਕਰਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਭਰਪੂਰ ਫਾਇਦਾ ਲੈ ਸਕਣ।

# ਲੁਬਾਣਾ ਵੈਲਫੇਅਰ ਟਰੱਸਟ (ਰਜਿ.) ਕਪੂਰਥਲਾ

ਵਰਿਆਮ ਸਿੰਘ ਪੀ.ਈ.ਐਸ. (1)
ਪ੍ਰਿੰਸੀਪਲ (ਰਿਟਾ.)

ਸਾਲ 1947 ਦੀ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਈ ਲੁਬਾਣਾ ਬਰਾਦਰੀ ਨੂੰ ਨੇੜਲੇ ਇਲਾਕਿਆਂ ਵਿੱਚ ਮੁੜ ਵਸਾਉਣ ਦੀ ਸਮੱਸਿਆ ਬੜੀ ਗੰਭੀਰ ਸੀ। ਇਸ ਲਈ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲਾ ਸਹਾਈ ਹੋਏ। ਉਨ੍ਹਾਂ ਦੀ ਕਿਰਪਾ ਨਾਲ ਬਰਾਦਰੀ ਨੂੰ ਤਹਿਸੀਲ ਦਸੂਹਾ ਦੇ ਦੱਖਣ-ਪੱਛਮੀ ਭਾਗ ਵਿੱਚ ਅਤੇ ਨਾਲ ਲਗਦੀ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਭੁਲੱਥ ਵਿੱਚ ਜ਼ਮੀਨ ਅਲਾਟ ਕਰਕੇ ਮੁੜ ਵਸਾ ਦਿੱਤਾ ਗਿਆ। ਕਪੂਰਥਲਾ ਦੇ ਪਿੰਡ ਬੇਗੋਵਾਲ ਨੂੰ ਤਾਂ ਲੁਬਾਣਾ ਬਰਾਦਰੀ ਦੀ ਰਾਜਧਾਨੀ ਵੀ ਕਹਿਆ ਜਾਣ ਲੱਗ ਪਿਆ। ਇਲਾਕੇ ਦੇ ਸੂਝਵਾਨ ਪਤਵੰਤਿਆਂ ਦੇ ਉੱਦਮ ਨਾਲ ਭੁਲੱਥ ਤਹਿਸੀਲ ਵਿੱਚ ਉਚੇਰੀ ਸਿੱਖਿਆ ਲਈ ਦੋ ਕਾਲਜ ਵੀ ਖੁੱਲ੍ਹ ਗਏ। ਇਨ੍ਹਾਂ ਹਾਲਾਤ ਵਿੱਚ ਬਰਾਦਰੀ ਦੀਆਂ ਸਮਾਜਿਕ ਸਮੱਸਿਆਵਾਂ ਅਤੇ ਵਿਕਾਸ ਬਾਰੇ ਸੋਚ ਵਿਚਾਰ ਕਰਨ ਲਈ ਕਿਸੇ ਸਾਂਝੀ ਸੰਸਥਾ ਦਾ ਹੋਣਾ ਬਹੁਤ ਜ਼ਰੂਰੀ ਸੀ। ਇਸ ਬਾਰੇ ਮੇਰਾ ਸ. ਭਗਤ ਸਿੰਘ ਐਡਵੋਕੇਟ, ਤਹਿਸੀਲਦਾਰ ਮਿਹਰ ਸਿੰਘ ਨਡਾਲਾ, ਪ੍ਰਿੰਸੀਪਲ ਰਾਜਿੰਦਰ ਸਿੰਘ ਸੰਡਲਸ, ਸ. ਅਵਤਾਰ ਸਿੰਘ ਜਾਇੰਟ ਡਾਇਰੈਕਟਰ ਅਤੇ ਹੋਰ ਬਰਾਦਰੀ ਦਾ ਦਰਦ ਰੱਖਣ ਵਾਲੇ ਸੱਜਨਾਂ ਨਾਲ ਲੰਮੇ ਸਮੇਂ ਲਈ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਆਖਿਰ ਕਪੂਰਥਲਾ ਵਿਖੇ ਇਸ ਮੰਤਵ ਨਾਲ ਰਜਿਸਟਰਾਰ ਫਰਮਜ਼ ਐਂਡ ਸੁਸਾਇਟੀਜ਼ ਦੁਆਰਾ ਲੁਬਾਣਾ ਵੈੱਲਫੇਅਰ ਟਰੱਸਟ 1, ਅਮਨ ਨਗਰ, ਕਪੂਰਥਲਾ, ਸਾਲ 1983-84 ਦੇ ਨੰ : 18, ਮਿਤੀ 12.04.1983 ਤਹਿਤ ਰਜਿਸਟਰ ਕਰਵਾ ਦਿੱਤਾ ਗਿਆ।

ਇਸ ਦਾ ਮੁੱਖ ਉਦੇਸ਼ ਸੁਸਾਇਟੀ ਅਤੇ ਵਿਸ਼ੇਸ਼ ਤੌਰ 'ਤੇ ਲੁਬਾਣਾ ਬਰਾਦਰੀ ਦੇ ਕਮਜ਼ੋਰ ਰਹਿ ਗਏ ਵਰਗ ਦੇ ਸਮਾਜਿਕ, ਵਿੱਦਿਅਕ ਅਤੇ ਸਰਵ-ਪੱਖੀ ਵਿਕਾਸ ਲਈ ਸਹਾਈ ਹੋਣਾ ਹੈ। ਟਰੱਸਟ ਦਾ ਆਪਣਾ ਸੰਵਿਧਾਨ ਹੈ। ਇਸ ਦੇ ਮੁੱਢਲੇ ਦਸਤਾਵੇਜ਼ ਦੀ ਇਕ ਧਾਰਾ ਅਨੁਸਾਰ ਟਰੱਸਟ ਦੀ ਮੈਨੇਜਿੰਗ ਕਮੇਟੀ ਦੀ ਚੋਣ ਟਰੱਸਟ ਦੇ ਮੈਂਬਰਾਂ ਦੀ ਗਿਣਤੀ 50 ਹੋਣ ਤੋਂ ਬਾਅਦ ਹੀ ਹੋਵੇਗੀ। ਸਾਰਾ ਕੰਮਕਾਜ ਚਲਾਉਣ ਲਈ ਕਨਵੀਨਰ ਦੀ ਜ਼ਿੰਮੇਵਾਰੀ ਦਾਸ ਨੂੰ ਸੌਂਪ ਦਿੱਤੀ ਗਈ। ਲਗਭਗ 10 ਸਾਲ ਤੱਕ ਕੋਈ ਕਮੇਟੀ ਨਾ ਬਣ ਸਕੀ। ਮੈਨੇਜਿੰਗ ਕਮੇਟੀ ਦੀ ਚੋਣ ਲਈ ਗਵਰਨਿੰਗ ਬਾਡੀ ਦੀ ਮੀਟਿੰਗ ਮਿਤੀ 2.8.1992 ਨੂੰ ਆਯੋਜਿਤ ਹੋਈ ਜਿਸ ਵਿੱਚ ਸਰਬ ਸਮਤੀ ਨਾਲ ਫਿਰ ਮੈਨੂੰ ਹੀ ਪ੍ਰਧਾਨ ਥਾਪ ਦਿੱਤਾ ਗਿਆ। ਇਹ ਜ਼ਿੰਮੇਵਾਰੀ ਵੀ ਹੋਰ 15 ਸਾਲਾਂ ਤਕ ਨਿਭਾਉਂਦਾ ਰਿਹਾ।

ਇਸ ਦੌਰਾਨ ਟਰੱਸਟ ਦੀ ਮੈਂਬਰਸ਼ਿਪ ਵਧਾਉਣ ਤੇ ਜ਼ੋਰ ਦਿੱਤਾ ਗਿਆ ਅਤੇ ਦੇਸ ਪ੍ਰਦੇਸ ਤੋਂ ਕਈ ਬਰਾਦਰੀ ਹਤੈਸ਼ੀ ਮੈਂਬਰ ਬਣੇ। ਟਰੱਸਟ ਦੇ ਉਦੇਸ਼ਾਂ ਅਨੁਸਾਰ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਜਾਰੀ ਰਹੀਆਂ।

**ਕੁਝ ਵਰਨਣਯੋਗ ਹੋਏ ਕਾਰਜ ਇਸ ਪ੍ਰਕਾਰ ਸਨ :-**

1. **ਮੰਡਲ ਬੈਕਵਰਡ ਕਲਾਸਿਜ਼ ਕਮਿਸ਼ਨ** : ਭਾਈਚਾਰੇ ਨਾਲ ਸਬੰਧਤ ਇਸ ਮਹੱਤਵਪੂਰਨ ਸਮਾਚਾਰ ਦਾ ਪਹਿਲਾਂ ਜ਼ਿਕਰ ਨਹੀਂ ਹੋਇਆ। ਭਾਰਤ ਸਰਕਾਰ ਵੱਲੋਂ ਨਿਯੁਕਤ ਇਸ ਕਮਿਸ਼ਨ ਨੇ ਅਕਤੂਬਰ, 1980 ਵਿੱਚ ਪੰਜਾਬ ਦਾ ਦੌਰਾ ਕੀਤਾ। ਸ. ਅਵਤਾਰ ਸਿੰਘ ਲੁਬਾਣਾ ਉਸ ਵੇਲੇ ਭਲਾਈ ਵਿਭਾਗ ਪੰਜਾਬ ਵਿੱਚ ਡਿਪਟੀ ਡਾਇਰੈਕਟਰ ਸਨ। ਉਹ ਇਸ ਕਮਿਸ਼ਨ ਦੇ ਪੰਜਾਬ ਦੌਰੇ ਦੇ ਪ੍ਰਬੰਧਾਂ ਦੇ ਇੰਚਾਰਜ ਸਨ। ਇਸ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਬੀ.ਪੀ. ਮੰਡਲ ਐਮ.ਪੀ. ਬਿਹਾਰ ਦੇ ਸਾਬਕਾ ਮੁੱਖ ਮੰਤਰੀ ਸਨ। ਸ਼੍ਰੀ ਐਲ.ਆਰ. ਨਾਇਕ ਐਮ.ਪੀ. (ਜੋ ਪਹਿਲਾਂ ਆਪਣੇ ਆਪ ਨੂੰ ਲੁਬਾਣਾ ਲਿਖਦੇ ਸਨ) ਇਸ ਦੇ ਇਕ ਮੈਂਬਰ ਸਨ। ਸ. ਭਗਤ ਸਿੰਘ ਐਡਵੋਕੇਟ (ਸਾਬਕਾ ਜ਼ਿਲ੍ਹਾ ਭਲਾਈ ਅਫਸਰ) ਕਮਿਸ਼ਨ ਦੇ ਇਕ ਕੋਆਪਟਿਡ ਮੈਂਬਰ ਸਨ। ਮਿਤੀ 16 ਅਕਤੂਬਰ, 1980 ਨੂੰ ਕਪੂਰਥਲਾ ਰੈਸਟ ਹਾਊਸ ਵਿਖੇ ਸ. ਅਵਤਾਰ ਸਿੰਘ ਵੀ ਕਮਿਸ਼ਨ ਨਾਲ ਬੈਠੇ ਸਨ। ਇਸ ਤਰ੍ਹਾਂ ਉਸ ਦਿਨ ਸਾਡੇ ਸਾਹਮਣੇ ਬੈਠੇ ਕਮਿਸ਼ਨ ਵਿੱਚ ਤਿੰਨ ਮੈਂਬਰ ਲੁਬਾਣਾ ਭਾਈਚਾਰੇ ਨਾਲ ਸਬੰਧ ਰੱਖਦੇ ਸਨ। ਇਹ ਬੜੀ ਖੁਸ਼ੀ ਵਾਲੀ ਗੱਲ ਸੀ। ਪੰਜਾਬ ਦੀ ਲੁਬਾਣਾ ਬਰਾਦਰੀ ਦਾ ਇੱਕ ਡੈਪੂਟੇਸ਼ਨ ਦਾਸ ਦੀ ਅਗਵਾਈ ਵਿੱਚ ਆਲ ਇੰਡੀਆ ਲੁਬਾਣਾ ਸਭਾ (ਰਜਿ.) ਵੱਲੋਂ ਕਮਿਸ਼ਨ ਨੂੰ ਮਿਲਿਆ ਅਤੇ ਇਕ ਪੰਜ ਸਫਿਆਂ ਦਾ ਮੈਮੋਰੈਂਡਮ ਕਮਿਸ਼ਨ ਨੂੰ ਦਿੱਤਾ ਗਿਆ। ਪ੍ਰੋ. ਵਰਿਆਮ ਸਿੰਘ, ਕਰਨਲ ਗੁਰਮੀਤ ਸਿੰਘ ਲੁਬਾਣਾ, ਪ੍ਰੋ. ਰਾਜਿੰਦਰ ਸਿੰਘ ਸੰਡਲਸ ਅਤੇ ਗਿਆਨੀ ਹਰਚਰਨ ਸਿੰਘ ਨੰਗਲ ਲੁਬਾਣਾ ਨੇ ਮੈਮੋ ਬਾਰੇ ਕਮਿਸ਼ਨ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਪੰਜਾਬ ਦੀ ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਲਿਸਟ ਵਿੱਚ ਸ਼ਾਮਿਲ ਕਰਨ ਲਈ ਬੇਨਤੀ ਕੀਤੀ। ਵਫਦ ਦੇ ਹੋਰ ਮੈਂਬਰਾਂ ਵਿੱਚ ਸਰਵ ਸ਼੍ਰੀ ਜਗਤਾਰ ਸਿੰਘ ਮੁਲਤਾਨੀ, ਲਖਬੀਰ ਸਿੰਘ ਐਡਵੋਕੇਟ, ਪ੍ਰੋ. ਤਰਲੋਕ ਸਿੰਘ, ਜਰਨੈਲ ਸਿੰਘ ਨਡਾਲਾ ਅਤੇ ਮਹਿਰ ਸਿੰਘ ਨਡਾਲਾ ਵੀ ਸ਼ਾਮਿਲ ਸਨ। ਅਗਲੇ ਦਿਨ ਨਾਲ ਜਾ ਕੇ ਅੰਮ੍ਰਿਤਸਰ ਦੇ ਲਾਗੇ ਬਰਾਦਰੀ ਦਾ ਪਿੰਡ ਦਬੁਰਜੀ ਵੀ ਕਮਿਸ਼ਨ ਨੂੰ ਵਿਖਾਇਆ ਗਿਆ। ਕਮਿਸ਼ਨ ਦੀ ਰਿਪੋਰਟ ਅਨੁਸਾਰ ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਲਿਸਟ ਵਿੱਚ ਸ਼ਾਮਿਲ ਕਰ ਲਿਆ ਗਿਆ। ਬਰਾਦਰੀ ਦੇ ਕੁਝ ਅਖੌਤੀ ਅਣਖੀਲੇ ਦਰਦ ਮੰਦਾਂ ਨੇ ਕਮਿਸ਼ਨ ਨੂੰ ਮਿਲਣ ਕਰਕੇ ਸਾਨੂੰ ਵਾਧੂ ਬੁਰਾ ਭਲਾ ਕਹਿਆ।

2. **ਲੁਬਾਣਾ ਸੇਵਕ** : ਸਵਰਗੀ ਮੇਜਰ ਸ਼ਰਮਾ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਬਰਾਦਰੀ ਦੇ ਮਾਸਿਕ ਪੱਤਰ 'ਲੁਬਾਣਾ ਸੇਵਕ' ਨੂੰ 1981 ਵਿੱਚ ਪੇਸ਼ ਆਏ ਸੰਕਟ ਸਮੇਂ ਟਰੱਸਟ ਨੇ ਸਹਾਈ ਹੋਣ ਦੀ ਸੇਵਾ ਨਿਭਾਈ ਅਤੇ 1981 ਤੋਂ 1987 ਤੱਕ ਸੱਤ ਸਾਲਾਂ ਲਈ ਇਹ ਪਰਚਾ ਇਸ ਟਰੱਸਟ ਦੇ ਖਰਚੇ ਤੇ ਕਪੂਰਥਲੇ ਤੋਂ ਛਪਦਾ ਰਿਹਾ। ਇਸ ਦਾ ਸਾਰਾ ਪ੍ਰਬੰਧ ਕਰਨ ਦੀ ਸੇਵਾ ਮੇਰੇ ਹਿੱਸੇ ਆਈ।

3. **ਜੀਵਨੀ ਸੰਤ ਪ੍ਰੇਮ ਸਿੰਘ ਜੀ** : ਕਰਨਲ ਗੁਲਚਰਨ ਸਿੰਘ ਇਕ ਉੱਘੇ ਸਿੱਖ ਇਤਿਹਾਸਕਾਰ ਸਨ। ਟਰੱਸਟ ਨੇ ਜਨਵਰੀ 1988 ਵਿੱਚ

ਉਨ੍ਹਾਂ ਦੀਆਂ ਸੇਵਾਵਾਂ ਲੈ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲਾ ਦੀ ਜੀਵਨੀ ਕਲਮ ਬੰਦ ਕਰਵਾਈ ਅਤੇ ਨਾਂਮਾਤਰ ਮੁਲ ਤੇ ਸੰਗਤਾਂ ਨੂੰ ਭੇਂਟ ਕੀਤੀ। ਇਸ ਦਾ ਮੁਖ ਬੰਦ ਲਿਖਣ ਦੀ ਸੇਵਾ ਮੇਰੇ ਵੱਲੋਂ ਨਿਭਾਈ ਗਈ। ਇਹ ਪੁਸਤਕ ਕਪੂਰਥਲਾ ਦੇ ਜਸਲੋਕ ਪ੍ਰਿੰਟਿੰਗ ਪ੍ਰੈੱਸ ਵਿਖੇ ਛਾਪੀ ਗਈ। ਉਸ ਸਮੇਂ ਇਸ ਪ੍ਰੋਜੈਕਟ ਤੇ ਲਗਭਗ ਅੱਠ ਹਜ਼ਾਰ ਰੁਪਏ ਖਰਚ ਹੋਏ।

4. **ਪ੍ਰੋਫੈਸਰ ਕਾਲੋਨੀ ਕਪੂਰਥਲਾ ਵਿਖੇ ਪਲਾਟ ਖਰੀਦ ਲਿਆ** : ਗੌਰਮਿੰਟ ਕਾਲਜ ਕਪੂਰਥਲਾ ਸਟਾਫ ਹਾਊਸ ਬਿਲਡਿੰਗ ਸੁਸਾਇਟੀ ਵੱਲੋਂ ਮੈਨੂੰ ਅਲਾਟ ਹੋਣ ਵਾਲਾ 20 ਮਰਲੇ ਦਾ ਪਲਾਟ ਨੰ: 38 ਮੈਂ ਆਪਣੇ ਸਿੱਖ ਨੈਸ਼ਨਲ ਕਾਲਜ, ਲਾਹੌਰ ਦੇ ਪੁਰਾਣੇ ਮਿੱਤਰ ਪ੍ਰੋ. ਦਰਸ਼ਨ ਸਿੰਘ ਵਾਸੀ ਚੰਡੀਗੜ੍ਹ ਨੂੰ ਲੈ ਦਿੱਤਾ ਸੀ। ਮੈਂ ਹੀ ਇਸ ਪਲਾਟ ਦਾ ਉਸ ਵੱਲੋਂ ਮੁਖਤਾਰ ਆਮ ਸੀ। ਬਰਾਦਰੀ ਦਾ ਕਮਿਊਨਿਟੀ ਵੈਲਫੇਅਰ ਸੈਂਟਰ ਸਥਾਪਿਤ ਕਰਨ ਲਈ ਪ੍ਰਿੰ. ਸਰਵਨ ਸਿੰਘ, ਲਖਬੀਰ ਸਿੰਘ ਐਡਵੋਕੇਟ ਅਤੇ ਪ੍ਰੋ. ਰਾਜਿੰਦਰ ਸਿੰਘ ਰਾਹੀਂ ਇਹ ਪਲਾਟ ਮਿਤੀ 3.1.1992 ਨੂੰ ਲੁਬਾਣਾ ਵੈਲਫੇਅਰ ਟਰੱਸਟ, 1, ਅਮਨ ਨਗਰ, ਕਪੂਰਥਲਾ ਨੇ ਖਰੀਦ ਲਿਆ। ਜਿਸ ਤੇ 1,34,778/- ਰੁਪਏ ਖਰਚ ਹੋਏ।

5. **ਹਮੀਰਾ ਰੋਡ ਤੇ 2 ਕਨਾਲ ਦੇ ਪਲਾਟ ਦੀ ਰਜਿਸਟਰੀ ਕਰਵਾਈ ਗਈ** : ਪ੍ਰੋਫੈਸਰਜ਼ ਕਾਲੋਨੀ ਕਪੂਰਥਲਾ ਵਿਚਲੇ ਪਲਾਟ ਨੰ : 38 ਖਰੀਦਣ ਤੋਂ ਬਾਅਦ ਇਸ ਤੇ ਭਵਨ ਨਿਰਮਾਨ ਬਾਬਤ ਸੋਚ ਵਿਚਾਰ ਹੋਣ ਲੱਗ ਪਈ। ਇਸ ਦੇ ਨਾਲ-ਨਾਲ ਪਲਾਟ ਦੇ ਇਕ ਕਨਾਲ ਦੇ ਸਾਈਜ਼ ਦੇ ਛੋਟਾ ਹੋਣ ਬਾਰੇ ਵੀ ਗੱਲਾਂ ਹੋਣ ਲੱਗ ਪਈਆਂ। ਕਈ ਇਕ ਮੀਟਿੰਗਾਂ ਤੋਂ ਬਾਅਦ ਇਹ ਫੈਸਲਾ ਹੋਇਆ ਕਿ ਇਹ ਪਲਾਟ ਵੇਚ ਕੇ ਇਸ ਤੋਂ ਵੱਡਾ ਪਲਾਟ ਕਿਸੇ ਹੋਰ ਯੋਗ ਸਥਾਨ ਤੇ ਲਿਆ ਜਾਵੇ। ਆਖਿਰ ਮਿਤੀ 26.11.1998 ਨੂੰ ਪ੍ਰੋਫੈਸਰਜ਼ ਕਾਲੋਨੀ ਵਾਲਾ ਪਲਾਟ ਨੰ: 38 ਮਬਲਗ 10,41,310 ਰੁਪਏ ਵਿਚ ਵੇਚ ਦਿੱਤਾ ਗਿਆ ਅਤੇ ਇਕ ਦੋ ਕਨਾਲ ਦਾ ਪਲਾਟ ਨਿਊ ਗੁਰੂ ਨਾਨਕ ਨਗਰ, ਹਮੀਰਾ ਰੋਡ ਕਪੂਰਥਲਾ ਵਿਖੇ ਖਰੀਦ ਲਿਆ ਗਿਆ। ਇਸ ਦੀ ਰਜਿਸਟਰੀ ਮਿਤੀ 27.11.1998 ਨੂੰ ਲੁਬਾਣਾ ਵੈਲਫੇਅਰ ਟਰੱਸਟ (ਰਜਿ.) 1, ਅਮਨ ਨਗਰ, ਕਪੂਰਥਲਾ ਦੇ ਨਾਮ ਰਾਹੀਂ ਪ੍ਰਿੰਸੀਪਲ ਵਰਿਆਮ ਸਿੰਘ 1, ਅਮਨ ਨਗਰ, ਕਪੂਰਥਲਾ, ਲਖਬੀਰ ਸਿੰਘ ਐਡਵੋਕੇਟ, ਸ਼ਾਂਤੀ ਨਗਰ ਕਪੂਰਥਲਾ ਅਤੇ ਮਾਨ ਸਿੰਘ ਇੰਸਪੈਕਟਰ, ਨਿਊ ਮਾਡਲ ਟਾਊਨ ਕਪੂਰਥਲਾ ਕਰਵਾ ਦਿੱਤੀ ਗਈ। ਇਸ ਪਲਾਟ ਦੀ ਖਰੀਦ ਤੇ 9.59,500 ਰੁਪਏ ਖਰਚ ਹੋਏ। ਇਸ ਤਰ੍ਹਾਂ ਇਸ ਸੌਦੇ ਵਿੱਚ ਇਕ ਤਾਂ ਨਵੇਂ ਪਲਾਟ ਦਾ ਸਾਈਜ਼ ਪਹਿਲੇ ਨਾਲੋਂ ਦੁਗਣਾ ਹੋ ਗਿਆ ਅਤੇ ਦੂਜਾ 81810 ਰੁਪਏ ਦੀ ਬੱਚਤ ਵੀ ਹੋ ਗਈ।

6. **ਪ੍ਰਬੰਧਕੀ ਦਫਤਰ ਅਤੇ ਚਾਰਦੀਵਾਰੀ ਦਾ ਨਿਰਮਾਨ** : ਨਿਊ ਗੁਰੂ ਨਾਨਕ ਨਗਰ, ਹਮੀਰਾ ਰੋਡ, ਕਪੂਰਥਲਾ ਵਿਖੇ ਸਥਿਤ ਪਲਾਟ ਦੀ ਨਿਸ਼ਾਨਦੇਹੀ ਲੈਣ ਉਪਰੰਤ ਇਸ ਤੇ ਕੋਈ ਉਸਾਰੀ ਕਰਨ ਦਾ ਨਿਰਨਾਂ ਲਿਆ ਗਿਆ। ਉਸਾਰੀ ਲਈ ਜ਼ਰੂਰੀ ਪ੍ਰਬੰਧ ਕਰਨ ਤੋਂ ਬਾਅਦ ਮਿਤੀ 27.12.2001 ਨੂੰ ਅਰਦਾਸ ਕੀਤੀ ਗਈ ਅਤੇ ਦਾਸ ਵੱਲੋਂ ਪੰਜ ਪਿਆਰਿਆਂ ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ, ਪ੍ਰਿੰ. ਸੰਪੂਰਨ ਸਿੰਘ, ਕਰਨਲ ਮਾਨ ਸਿੰਘ, ਕਰਨਲ ਜੀ.ਬੀ. ਸਿੰਘ ਅਤੇ ਇੰਸਪੈਕਟਰ ਬੇਅੰਤ ਸਿੰਘ ਨਾਲ ਮਿਲ ਕੇ ਭਵਨ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਪ੍ਰਬੰਧਕੀ ਦਫਤਰ ਅਤੇ ਚਾਰ-ਦੀਵਾਰੀ ਦੀ ਉਸਾਰੀ ਦਾ ਕੰਮ 7.2.2002 ਨੂੰ ਪੂਰਾ ਹੋ ਗਿਆ। ਉਸਾਰੀ ਲਈ ਕਮੇਟੀ ਵੀ ਬਣੀ ਸੀ ਜਿਸ ਦੇ ਕਨਵੀਨਰ ਕਰਨਲ ਮਾਨ ਸਿੰਘ ਸਨ, ਪਰ ਇਕ ਦੋ ਸਜਣਾਂ ਤੋਂ ਬਿਨਾਂ ਕੋਈ ਨਾ ਆਇਆ ਅਤੇ ਅਤਿ ਦੇ ਠੰਡੇ ਮੌਸਮ ਦੌਰਾਨ ਮੈਨੂੰ ਇਕੱਲੇ ਨੂੰ ਹੀ ਇਹ ਕੰਮ ਨੇਪਰੇ ਚਾੜ੍ਹਨਾ ਪਿਆ। ਇਸ ਵਿੱਚ ਦੋ ਕਮਰੇ 16×12 ਫੁੱਟ, 12×10 ਫੁੱਟ ਦੇ, ਨਾਲ ਲਗਦੇ ਬਾਥਰੂਮ ਅਤੇ ਸੁੰਦਰ ਚਾਰਦੀਵਾਰੀ, ਗੇਟ ਸੁਮੇਤ ਬਣ ਕੇ ਤਿਆਰ ਹੋ ਗਏ ਜਿਸ ਤੇ 2,00,386 ਰੁਪਏ ਖਰਚ ਹੋਏ। ਇਸ ਕੰਮ ਦੇ ਪੂਰਾ ਹੋਣ ਤੋਂ ਬਾਅਦ ਪਹਿਲਾਂ ਲੈ ਗਏ ਫੈਸਲੇ ਅਨੁਸਾਰ ਇਸ ਪਲਾਟ ਤੇ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਦੇ ਨਿਰਮਾਨ ਦੀ ਯੋਜਨਾ ਬਣਾਈ ਜਾਣੀ ਸੀ।

7. **ਸ਼ਹੀਦੀ ਗੁਰਪੁਰਬ** : ਇਸ ਦੌਰਾਨ ਲਗਭਗ 25 ਸਾਲ ਤੱਕ ਪਹਿਲਾਂ ਬਤੌਰ ਕਨਵੀਨਰ ਅਤੇ ਫਿਰ ਪ੍ਰਧਾਨ ਦੇ ਤੌਰ 'ਤੇ ਨਿਭਾਈ ਗਈ ਸੇਵਾ ਅਤੇ 82 ਸਾਲ ਦੀ ਉਮਰ ਹੋਣ ਤੇ ਮੈਂ ਕੁਝ ਥੱਕਿਆ ਥੱਕਿਆ ਅਨੁਭਵ ਕਰਨ ਲੱਗ ਪਿਆ ਸਾਂ ਤੇ ਇਸ ਸੰਸਥਾ ਦੀ ਨੱਸ ਭੱਜ ਦੀ ਸੇਵਾ ਤੋਂ ਸੇਵਾ ਮੁਕਤ ਹੋਣਾ ਚਾਹੁੰਦਾ ਸਾਂ। ਇਸ ਮੰਤਵ ਲਈ 20.05.2007 ਨੂੰ ਨਵੀਂ ਮੈਨੇਜਿੰਗ ਕਮੇਟੀ ਦੀ ਚੋਣ ਲਈ ਗਵਰਨਿੰਗ ਬਾਡੀ ਦੀ ਮੀਟਿੰਗ ਬੁਲਾਈ ਗਈ ਅਤੇ ਨਵੀਂ ਕਮੇਟੀ ਦੀ ਚੋਣ ਹੋ ਗਈ ਜਿਸ ਵਿੱਚ ਕਰਨਲ ਜੀ.ਬੀ. ਸਿੰਘ ਪ੍ਰਧਾਨ, ਪ੍ਰਿੰ. ਸੰਪੂਰਨ ਸਿੰਘ ਜਨਰਲ ਸੈਕਟਰੀ ਅਤੇ ਸਰੂਪ ਸਿੰਘ ਏ.ਆਰ. ਵਿੱਤ ਸਕੱਤਰ ਬਣ ਗਏ।

ਨਵੀਂ ਬਣੀ ਕਮੇਟੀ ਨੇ ਲੁਬਾਣਾ ਵੈਲਫੇਅਰ ਟਰੱਸਟ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਿਤੀ 27.12.2009 ਨੂੰ ਉਸਾਰੀ ਅਧੀਨ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਿਸ ਵਿੱਚ ਸੰਗਤਾਂ ਵੱਡੀ ਗਿਣਤੀ ਵਿੱਚ ਨਤਮਸਤਕ ਹੋਈਆਂ। ਸੁਖਮਨੀ ਸਾਹਿਬ ਦੇ ਪਾਠ ਅਤੇ ਧੁਰ ਕੀ ਬਾਣੀ ਦੇ ਕੀਰਤਨ ਉਪਰੰਤ ਗੁਰੂ ਸਾਹਿਬ ਦੀ ਬੇ-ਮਿਸਾਲ ਸ਼ਹੀਦੀ ਬਾਰੇ ਬੁਲਾਰਿਆਂ ਵੱਲੋਂ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਅਤੇ ਹੋਰ ਸਮਾਜਿਕ ਸਮੱਸਿਆਵਾਂ ਬਾਰੇ ਵਿਚਾਰਾਂ ਹੋਈਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# ਫਰਵਰੀ ਮਹੀਨੇ ਹੋਈਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



1. ਮਿਤੀ 17-2-2021 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵਿਖੇ ਮੇਨ ਆਡੀਟੋਰੀਅਮ ਦੀ ਰਿਪੇਅਰ ਵਰਕ ਨੂੰ ਚਾਲੂ ਕਰਨ ਲਈ ਕੁਰਸੀਆਂ ਦੀਆਂ ਕੁਟੇਸ਼ਨਾਂ ਬਾਰੇ ਵਿਚਾਰ ਕੀਤਾ ਗਿਆ। ਕਮੇਟੀ ਵੱਲੋਂ ਇਹ ਮੀਟਿੰਗ ਜਨਰਲ ਸਕੱਤਰ ਦੇ ਦਫ਼ਤਰ ਵਿਚ ਕੀਤੀ ਗਈ। ਜਿਸ ਵਿਚ ਦਫ਼ਤਰ ਵਿਚ ਆਈਆਂ ਵੱਖ-ਵੱਖ ਕੁਟੇਸ਼ਨਾਂ ਤੇ ਵਿਚਾਰ ਕਰਨ ਤੋਂ ਬਾਅਦ ਵਾਜਬ ਕੁਟੇਸ਼ਨ ਨੂੰ ਸਿਲੈਕਟ ਕਰ, ਕੰਮ ਨੂੰ ਸਿਰੇ ਚੜ੍ਹਾਉਣ ਬਾਰੇ ਉਪਰਾਲਾ ਸ਼ੁਰੂ ਕਰ ਦਿੱਤਾ ਗਿਆ ਹੈ।

2. ਫਰਵਰੀ ਮਹੀਨੇ ਵਿਚ ਕਮਰਿਆਂ ਦੀ ਬੁਕਿੰਗ ਆਮ ਵਾਂਗ ਚੱਲਦੀ ਰਹੀ। ਫਾਊਂਡੇਸ਼ਨ ਵਿਚਾਲੇ ਛੋਟਾ ਆਡੀਟੋਰੀਅਮ 'ਸਿਟੀ ਲਾਈਟ' ਵੱਲੋਂ ਹਰ ਮਹੀਨੇ ਦੇ ਇਕ ਐਤਵਾਰ ਨੂੰ ਪ੍ਰੋਗਰਾਮ ਵਾਸਤੇ ਬੁੱਕ ਕੀਤਾ ਜਾਂਦਾ ਹੈ। ਫਾਊਂਡੇਸ਼ਨ ਵੱਲੋਂ ਪਿਛਲੇ ਪਾਸੇ ਕੰਟੀਨ ਨਾਲ ਲਗਦੇ ਕਮਰੇ ਵਿਚ Expedient Healthcare ਵੱਲੋਂ ਲੈਬ ਦੇ ਕੰਮ ਲਈ ਕਿਰਾਏ ਤੇ ਦਿੱਤਾ ਗਿਆ ਹੈ। ਤਾਂ ਜੋ ਫਾਊਂਡੇਸ਼ਨ ਵਿਚਲੀ ਆਮਦਨ ਵਿਚ ਵਾਧਾ ਕੀਤਾ ਜਾ ਸਕੇ।

3. ਹਰ ਵਰ੍ਹੇ ਦੀ ਤਰ੍ਹਾਂ Rose Festival ਲਈ ਗਾਰਡਨ ਦੀ ਦਿੱਖ ਨੂੰ ਸੁੰਦਰ ਬਣਾਉਣ ਲਈ ਮੇਂਨਟੇਨਸ ਸਕੱਤਰ ਵੱਲੋਂ ਗਮਲਿਆਂ, ਇੱਟਾਂ ਤੇ ਪਿਛਲੀਆਂ ਦੀਵਾਰਾਂ ਤੇ ਗੇਰਊ ਅਤੇ ਰੰਗ ਰੋਗਣ ਆਦਿ ਕਰਾਇਆ ਗਿਆ। ਤਾਂ ਜੋ ਹਰ ਵਰ੍ਹੇ ਦੀ ਤਰ੍ਹਾਂ Rose Festival ਦੀ Inspection ਸਮੇਂ Foundation ਵਿਚਲਾ ਬਗੀਚਾ ਵਧੀਆ ਨਤੀਜਾ ਲੈ ਕੇ ਆਵੇ।

4. ਫਰਵਰੀ ਮਹੀਨੇ ਡੈਂਟਲ ਕੇਅਰ ਕਲੀਨਿਕ ਪੂਰਨ ਰੂਪ ਨਾਲ ਖੋਲ੍ਹ ਦਿੱਤਾ ਗਿਆ ਹੈ। ਕਰੋਨਾ ਕਾਲ ਤੋਂ ਬੰਦ ਪਏ ਮੈਡੀਕਲ ਵਿੰਗ ਨੂੰ ਹੌਲੀ-ਹੌਲੀ ਸੁਚਾਰੂ ਰੂਪ ਨਾਲ ਚਲਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਜਿਸ ਵਿਚ ਪਹਿਲਾਂ ਡੈਂਟਲ ਕੇਅਰ ਵਿੰਗ ਸ਼ੁਰੂ ਕੀਤਾ ਹੈ, ਜੋ ਕਿ ਡਾ. ਅੰਮ੍ਰਿਤ ਕੌਰ ਵੱਲੋਂ ਵਰਕਿੰਗ ਵਿਚ ਲਿਆਇਆ ਜਾ ਰਿਹਾ ਹੈ। ਦੂਸਰਾ ਮੈਡੀਕਲ ਵਿੰਗ ਵੀ ਸ਼ੁਰੂ ਕਰਨ ਬਾਰੇ

ਵੀ ਵਿਚਾਰ ਕੀਤਾ ਜਾ ਰਿਹਾ ਹੈ।

5. 2 ਫਰਵਰੀ 2022 ਨੂੰ ਦਿਨ ਦੇ 11.30 ਵਜੇ ਸੰਵਿਧਾਨ ਸੋਧ ਦੀ ਮੀਟਿੰਗ ਕਾਨਫਰੰਸ ਹਾਲ ਵਿਚ ਕੀਤੀ ਗਈ। ਸੰਵਿਧਾਨ ਸੋਧ ਕਮੇਟੀ ਵੱਲੋਂ ਮੈਂਬਰਾਂ ਵੱਲੋਂ ਆਏ ਸੁਝਾਅ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਵਿਚ ਸ. ਬੀ.ਐਸ. ਮੁੰਦਰ (ਅੰਮ੍ਰਿਤਸਰ), ਸ. ਗੁਰਮੀਤ ਸਿੰਘ ਨਡਾਲਾ (ਜਲੰਧਰ), ਕਰਨਲ ਗੁਰਦੀਪ ਸਿੰਘ ਮੋਹਾਲੀ ਵੱਲੋਂ ਕਈ ਸੁਝਾਅ ਦਿੱਤੇ ਗਏ। ਜਿਵੇਂ ਕਿ ਮੁੰਦਰ ਜੀ ਵੱਲੋਂ ਪੋਸਟਾ ਵਧਾਉਣ, Internal Auditor ਬਾਰੇ, ਰਿਜ਼ਰਵੇਸ਼ਨ ਖਤਮ ਬਾਰੇ, Co-ordinator ਦੇ ਰੋਲ ਨੂੰ ਸੀਮਾਬੱਧ ਆਦਿ ਕਰਨ ਬਾਰੇ ਸੁਝਾਅ ਪੇਸ਼ ਕੀਤੇ ਗਏ। ਇਨ੍ਹਾਂ ਵਿਚਾਰਾਂ ਤੇ ਸ. ਗੁਰਮੀਤ ਸਿੰਘ ਨਡਾਲਾ ਜੀ ਵੱਲੋਂ ਵੀ ਸਹਿਮਤੀ



ਮਿਲੀ ਤੇ ਵਿਚਾਰ ਕੀਤਾ ਗਿਆ ਕਿ ਹਰ ਮੈਂਬਰ ਨੂੰ ਸੁਝਾਅ ਦੇਣ ਲਈ ਫਾਉਂਡੇਸ਼ਨ ਵੱਲੋਂ ਚਿੱਠੀ ਪਾਈ ਜਾਵੇ ਜਾਂ ਮੈਗਜ਼ੀਨ ਵਿਚ ਲਗਾਤਾਰ "ਸੰਵਿਧਾਨ ਸੋਧ ਦੇ ਸੁਝਾਅ" ਦੀ ਪ੍ਰਾਪਤੀ ਬਾਰੇ ਪ੍ਰਕਾਸ਼ਿਤ ਕੀਤਾ ਜਾਵੇ ਤੇ ਮੀਟਿੰਗ ਵਿਚ ਬੇਨਤੀ ਕੀਤੀ ਗਈ ਕਿ ਹਰ ਇਕ ਮੈਂਬਰ ਸਾਹਿਬਾਨ ਨੂੰ ਆਪਣੇ ਵਿਚਾਰ ਫਾਉਂਡੇਸ਼ਨ ਦੀ ਵੈਬਸਾਈਟ ਤੇ ਭੇਜ ਦੇਣੇ ਚਾਹੀਦੇ ਹਨ ਤਾਂ ਜੋ ਕਮੇਟੀ ਵੱਲੋਂ ਸਭ ਮੈਂਬਰ ਸਾਹਿਬਾਨਾਂ ਦੇ ਸੁਝਾਅ ਤੇ ਵਿਚਾਰ ਕੀਤਾ ਜਾ ਸਕੇ।

6. 5 ਫਰਵਰੀ 2022 ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਕਾਨਫਰੰਸ ਹਾਲ ਵਿਚ ਦਿਨ ਦੇ 11.30 ਵਜੇ ਸ਼ੁਰੂ ਕੀਤੀ ਗਈ



ਜਿਸ ਵਿਚ ਕਮੇਟੀ ਮੈਂਬਰਾਂ ਨੇ ਏਜੰਡੇ ਮੁਤਾਬਿਕ ਹਰ ਪੁਆਇੰਟ ਤੇ ਵਿਚਾਰ ਕੀਤਾ ਤਾਂ ਜੋ ਫਾਉਂਡੇਸ਼ਨ ਦਾ ਕੰਮ ਬਿਹਤਰੀ ਤੇ ਨਿਪੁੰਨਤਾ ਨਾਲ ਕੀਤਾ ਜਾਵੇ।

7. ਫਾਉਂਡੇਸ਼ਨ ਵਿਚ ਹਰ ਮਹੀਨੇ ਸੰਗਰਾਂਦ ਦਾ ਦਿਨ ਮਨਾਇਆ ਜਾਂਦਾ ਹੈ ਤੇ ਇਸ ਦਿਨ ਜਨਰਲ ਸਕੱਤਰ ਵੱਲੋਂ ਲੋਕਲ ਮੈਂਬਰ ਸਾਹਿਬਾਨਾਂ ਨੂੰ ਵੱਧ ਤੋਂ ਵੱਧ ਹਾਜ਼ਰੀ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।

੮. ਫਰਵਰੀ ਦੇ ਮਹੀਨੇ ਵਿਚ ਇਕ ਕੰਪਿਊਟਰ ਆਪ੍ਰੇਟਰ ਦੀ ਨਿਯੁਕਤੀ ਕੀਤੀ ਗਈ ਹੈ। ਸਮੇਂ ਦੀ ਲੋੜ ਨੂੰ ਵੇਖਦੇ ਹੋਏ ਤੇ ਦਫ਼ਤਰ ਦਾ ਕੰਮ ਸੁਚਾਰੂ ਰਾਪ ਨਾਲ ਚਲਾਉਣ ਲਈ ਕੰਪਿਊਟਰ ਆਪਰੇਟਰ ਦੀ ਅਸਾਮੀ ਦੀ ਲੋੜ ਮਹਿਸੂਸ ਹੋਣ ਤੇ ਕਮੇਟੀ ਵੱਲੋਂ ਇਹ ਨਿਯੁਕਤੀ ਕੀਤੀ ਗਈ।



9. ਖਰਚ ਅਤੇ ਆਮਦਨ ਦਾ ਵੇਰਵਾ ਮਿਤੀ 1-02-2022 ਤੋਂ 29-02-2022 ਜਿਸ ਵਿਚ ਆਮਦਨ 4,35,020 ਰੁਪਏ ਅਤੇ ਖਰਚ 3,67,931 ਦਾ ਇਹ ਵੇਰਵਾ ਵਿੱਤ ਸਕੱਤਰ ਵੱਲੋਂ ਦੱਸਿਆ ਗਿਆ ਹੈ। ਪੂਰਨ ਰੂਪ ਦੇ ਵੇਰਵੇ ਲਈ ਆਮਦਨ ਅਤੇ ਖਰਚ ਦੀ ਰਿਪੋਰਟ ਨੱਥੀ ਕੀਤੀ ਗਈ ਹੈ।

**ਸਰਦਾਰਨੀ ਹਰਪ੍ਰੀਤ ਕੌਰ ਪੇਲੀਆ, ਸਕੱਤਰ**

## Income & Expenditure Statement From 01-02-2022 to 28-02-2022

| S. No | Income | Amount (Rs.) | S.No | Expenditure | Amount (Rs.) |
|---|---|---|---|---|---|
| 1 | Booking | 2,51,537 | 1 | Maintenance & Repair | 66,456 |
| 2 | GST | 45,283 | 2 | Honorarium to General Staff | 1,37,950 |
| 3 | Donation | 21,800 | 3 | Printing & stationary Exp. | 3,508 |
| 4 | Corpus Fund | 1,11,400 | 4 | Hospitality & Refreshment A/c | 6,350 |
| 5 | Life Membership Fees(LMF) | 4,000.00 | 5 | Religious Function (Sangrand) | 2,576 |
| 6 | loan recovery | 1,000.00 | 6 | Conveyance exp. | 1,500 |
| | | | 7 | Furniture & Fixture exp. | 12,390 |
| | | | 8 | Cable Expenses | 1,050 |
| | | | 9 | Telephone Charges | 1,621 |
| | | | 10 | Electricity Bill Exp. | 19,369 |
| | | | 11 | lobana sewak exp. | 10,494.0 |
| | | | 12 | Medical expenses | 2,150 |
| | | | 13 | Water Bill Exp. | 20,310 |
| | | | 14 | carriage & cartage A/c | 70 |
| | | | 15 | Sanitary Exp | 3,614 |
| | | | 16 | Legal Exp. | 41,300 |
| | | | 17 | Postage Exp. | 37 |
| | | | 18 | washerman exp. | 671 |
| | | | 19 | Booking refund | 36,515 |
| | **Total** | **4,35,020** | | **Total** | **3,67,931** |

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਹੇਠ ਲਿਖੀਆਂ ਤਿੰਨਾਂ ਵਿੱਚੋਂ ਕਿਹੜੀਆਂ ਸ਼ਹਿਰਾਂ, ਪੰਜਾਬ ਸਿੰਚਾਈ ਪ੍ਰਣਾਲੀ ਦਾ ਹਿੱਸਾ ਹੈ/ਹਨ?
(1) ਮੁੱਖ ਸ਼ਹਿਰ (2) ਅਪਰਬਾਰੀ ਦੁਆਬ ਸ਼ਹਿਰ (3) ਸ਼ਾਹ ਸ਼ਹਿਰ ਕਨਾਲ
(ੳ) 1, 2 ਅਤੇ 3 (ਅ) 1 ਅਤੇ 3
(ੲ) ਸਿਰਫ਼ 1 (ਸ) 1 ਅਤੇ 2

2. ਹੇਠ ਲਿਖਿਆਂ ਵਿੱਚੋਂ ਕਿਹੜਾ/ਕਿਹੜੇ ਦੂਸ਼ਨ ਤੱਤ ਮੋਟਰਵਾਹਨਾਂ (automobile) ਦੇ ਨਿਕਾਸ ਵਿੱਚੋਂ ਨਿਕਲਦੇ ਹਨ?
(1) ਨਾਇਟਰੋਜਨ (2) ਕਾਰਬਨ ਮੋਨੋਕਸਾਈਡ (3) ਹਾਈਡਰੋਕਾਰਬਨਜ਼
(ੳ) 1 ਅਤੇ 3 (ਅ) 1, 2 ਅਤੇ 3
(ੲ) 2 ਅਤੇ 3 (ਸ) 1 ਅਤੇ 2

3. ਹੇਠ ਲਿਖਿਆਂ ਵਿੱਚੋਂ ਕਿਹੜੀ ਗ੍ਰੀਨ ਹਾਊਸ ਗੈਸ ਨਹੀਂ ਹੈ?
(ੳ) ਓਜ਼ੋਨ (ਅ) ਮੀਥੇਨ
(ੲ) ਨਾਈਟ੍ਰਸ ਐਕਸਾਈਡ (ਸ) ਕਲੋਰੀਨ

4. ਕੋਲੇ ਅਤੇ ਗੈਸ ਦੇ ਬਲਣ ਨਾਲ ਕਿਹੜੀ ਗੈਸ ਪੈਦਾ ਹੁੰਦੀ ਹੈ?
(ੳ) ਕਾਰਬਨ ਮੋਨੋਆਕਸਾਈਡ (ਅ) ਸਲਫਰ ਡਾਇਆਕਸਾਈਡ
(ੲ) ਨਾਈਟਰੋਜਨ ਆਕਸਾਈਡ (ਸ) ਨਾਨ-ਮਿਥੇਨ ਹਾਈਡਰੋਕਾਰਬਨਜ਼

5. ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਾਸ ਦਾ ਸਭ ਤੋਂ ਵਧੀਆ ਸੂਚਕ ਮੰਨਿਆ ਜਾਂਦਾ ਹੈ?
(ੳ) ਸ਼ਿਸ਼ੂਆਂ ਦੀ ਮੌਤ ਦਰ (ਅ) ਇਸਤਰੀਆਂ ਦੀ ਸਾਖਰਤਾ
(ੲ) ਪ੍ਰਤੀ ਵਿਅਕਤੀ ਆਮਦਨ (ਸ) ਸ਼ਹਿਰੀਕਰਨ ਦਾ ਸਤਰ

6. ਨਵੀਂ ਖੇਤੀਬਾੜੀ ਨੀਤੀ ਸੰਸਦ ਵਿਚ ਕਦੋਂ ਪੇਸ਼ ਕੀਤੀ ਗਈ?
(ੳ) 1991 (ਅ) 2011
(ੲ) 2020 (ਸ) 2001

7. ਹੇਠ ਲਿਖਿਆਂ ਵਿੱਚੋਂ ਬੱਚਤ ਦਾ ਕਿਹੜਾ ਸਭ ਤੋਂ ਮਹੱਤਪੂਰਨ ਸਰੋਤ ਹੈ?
(ੳ) ਪਰਿਵਾਰ (ਅ) ਕਾਰਪੋਰੇਟ ਖੇਤਰ
(ੲ) ਸਰਕਾਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ

8. ਹੇਠ ਲਿਖਿਆਂ ਵਿੱਚੋਂ ਕਿਹੜਾ ਜੋੜਾ ਸਹੀ ਨਹੀਂ ਹੈ?
(ੳ) ਨੀਲੀ ਕਰਾਂਤੀ – ਮੱਛੀ (ਅ) ਪੀਲੀ ਕਰਾਂਤੀ – ਤੇਲਾਂ ਦੇ ਬੀਜ
(ੲ) ਸੁਨਹਿਰੀ ਕਰਾਂਤੀ – ਫਲ ਤੇ ਸਬਜ਼ੀਆਂ (ਸ) ਚਿੱਟੀ ਕਰਾਂਤੀ – ਕਪਾਹ

9. ਆਰਥਕ ਵਿਕਾਸ ਦਾ ਸਭ ਤੋਂ ਵੱਧ ਪ੍ਰਵਾਨਯੋਗ ਸੰਕੇਤ ਹੈ :
(ੳ) ਵਿੱਤੀ ਰਾਸ਼ਟਰੀ ਆਮਦਨ ਵਿਚ ਵਾਧਾ (ਅ) ਵਾਸਤਵਿਕ ਰਾਸ਼ਟਰੀ ਆਮਦਨ ਵਿਚ ਵਾਧਾ
(ੲ) ਪ੍ਰਤੀ ਵਿਅਕਤੀ ਵਿੱਤੀ ਆਮਦਨ ਵਿਚ ਵਾਧਾ (ਸ) ਪ੍ਰਤੀ ਵਿਅਕਤੀ ਵਾਸਤਵਿਕ ਆਮਦਨ ਵਿਚ ਵਾਧਾ

10. "ਮਿਨੀ-ਨਵਰਤਨ" ਦਾ ਸ਼ਬਦ ਵਰਤਿਆ ਜਾਂਦਾ ਹੈ :
(ੳ) ਲਘੂ ਉਦਯੋਗ (ਅ) ਸਰਕਾਰੀ ਉਦਯੋਗਾਂ ਲਈ
(ੲ) ਛੋਟੇ ਉਦਯੋਗਾਂ ਲਈ (ਸ) ਸਹਿਕਾਰੀ ਉਦਯੋਗਾਂ ਲਈ


(ਉੱਤਰ ਸਫ਼ਾ 22 'ਤੇ)

# ਕਿਸਾਨ ਅੰਦੋਲਨ ਵਿੱਚ ਪੰਜਾਬੀ ਗਾਇਕੀ ਦੀ ਭੂਮਿਕਾ



ਖੇਤੀ ਮਾਹਿਰ ਡਾ. ਦਵਿੰਦਰ ਸ਼ਰਮਾ ਅਨੁਸਾਰ "ਕਿਸਾਨ ਹੁਣ ਨਵੇਂ ਨਾਇਕ ਹਨ। ਉਹਨਾਂ ਨੇ ਸਮਕਾਲੀ ਇਤਿਹਾਸ ਵਿੱਚ ਆਪਣੀ ਨਵੀਂ ਛਾਪ ਛੱਡੀ ਹੈ। ਮੋਦੀ ਸਰਕਾਰ ਵੱਲੋਂ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਅਚਾਨਕ ਵਾਪਸ ਲੈਣ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਪ੍ਰਵਾਨ ਕਰਾਉਣ ਦੇ ਨਾਲ, ਭਾਰਤੀ ਕਿਸਾਨ ਅੰਦੋਲਨ ਨੇ ਅਸਲ ਵਿੱਚ ਖੁੱਲ੍ਹੇ ਬਾਜ਼ਾਰ (Open Marketing) ਨੂੰ ਸੱਟ ਮਾਰੀ ਹੈ। ਮੀਡੀਆ ਨੇ ਆਰਥਿਕ ਸੰਜਮ (Controlled economy) ਦੀ ਆਵਾਜ਼ ਨੂੰ ਦੱਬ ਦਿੱਤਾ ਸੀ ਤੇ ਮਾਈਕ੍ਰੋ-ਇਨਕਲਾਬ ਦੇ ਦਮਗਜ਼ੇ ਮਾਰੇ ਜਾ ਰਹੇ ਸਨ"।

ਕਿਸਾਨ ਅੰਦੋਲਨ ਭਾਰਤ ਦਾ ਜਨ-ਅੰਦੋਲਨ ਬਣ ਚੁੱਕਾ ਸੀ। ਇਸ ਵਿੱਚ ਮੋਚੀ ਤੋਂ ਦਰਜੀ ਤੱਕ, ਡਰਾਈਕਲੀਨਰ ਤੋਂ ਉਸਾਰੀ ਮਜ਼ਦੂਰ ਤੱਕ, ਵਿਦਿਆਰਥੀ, ਇੰਜੀਨੀਅਰ, ਡਾਕਟਰ, ਸਾਹਿਤਕਾਰ, ਪੰਜਾਬੀ-ਹਿੰਦੀ ਕਲਾਕਾਰ, ਐਨ.ਆਰ.ਆਈ ਵੀਰ ਤੇ ਭੈਣਾਂ, ਵਪਾਰੀ, ਉਦਯੋਗਪਤੀ, ਧਾਰਮਿਕ ਤੇ ਸਵੈਸੇਵੀ ਸੰਗਠਨ, ਯੂਨੀਵਰਸਿਟੀ ਪ੍ਰੋਫ਼ੈਸਰ ਤੇ ਸਕੂਲ ਅਧਿਆਪਕ, ਮਨੁੱਖੀ ਅਧਿਕਾਰ ਸੰਗਠਨ, ਵਕੀਲ ਤਥਾ ਖੇਡ ਜਗਤ, ਸਾਬਕਾ ਸੈਨਿਕ ਤੇ ਪੰਜਾਬੀ ਗਾਇਕਾਂ ਨੇ ਭਰਪੂਰ ਹਾਜ਼ਰੀ ਲਵਾਈ। ਇੱਥੋਂ ਤੱਕ ਕਿ ਪੱਛਮੀ ਮੀਡੀਆ, ਨਿਊਯਾਰਕ ਟਾਈਮਜ਼, ਟਾਈਮ ਮੈਗਜ਼ੀਨ, ਬੀ.ਬੀ.ਸੀ ਲੰਡਨ, ਗਾਰਡੀਅਨ ਆਦਿ ਨੇ ਆਪਣੇ ਕਈ ਅੰਕਾਂ ਵਿੱਚ ਕਿਸਾਨ ਇਕੱਠਾਂ ਦੀਆਂ ਭਰਪੂਰ ਤਸਵੀਰਾਂ ਤੇ ਟਿੱਪਣੀਆਂ ਲਾਈਆਂ। ਵਿਸ਼ਵ ਦੀਆਂ ਅਸੈਂਬਲੀਆਂ, ਪਾਰਲੀਮੈਂਟਾਂ ਤੇ ਸੰਯੁਕਤ ਰਾਸ਼ਟਰ ਵਿੱਚ ਭਾਰਤੀ ਕਿਸਾਨ ਅੰਦੋਲਨ ਤੇ ਸਵਾਲ ਉਠੇ ਤੇ ਬਹਿਸਾਂ ਹੋਈਆਂ। ਪੰਜਾਬੀ ਗਾਇਕਾਂ ਨੇ ਇਸ ਸਥਿਤੀ ਨੂੰ ਬੜੀ ਸ਼ਿੱਦਤ ਨਾਲ ਕਲਮਬੰਦ ਕਰਕੇ



ਗਾਇਆ। ਜਿੱਤ ਉਪਰੰਤ ਰੇਸ਼ਮ ਸਿੰਘ ਅਨਮੋਲ ਦਾ ਗਾਇਆ ਗੀਤ :

**"ਬਾਡਰਾਂ ਤੇ ਜਿਵੇਂ ਨੀ ਜਵਾਨ ਡਟਿਆ,**
**ਵਿਹੜੇ ਵਿੱਚ ਤੇਰੇ ਨੀ ਕਿਸਾਨ ਡਟਿਆ,**
**ਤੇਰੀ ਹਿੱਕ ਉਤੇ ਲਿਖ ਜ਼ਿੰਦਾਬਾਦ ਚੱਲਿਆ,**
**ਨੀ ਓ ਦਿੱਲੀਏ,**
**ਜਿੱਤ ਕੇ ਨੀ ਤੈਨੂੰ ਹੈ ਪੰਜਾਬ ਚੱਲਿਆ।**

ਟਰਾਲੀਆਂ-ਟਰੈਕਟਰਾਂ, ਕਾਰਾਂ-ਜੀਪਾਂ, ਟਰੱਕਾਂ, ਬੱਸਾਂ ਤੇ ਆਮ ਵੱਜ ਰਿਹਾ ਸੀ । 11 ਦਸੰਬਰ ਨੂੰ ਭੰਗੜੇ ਪਾਏ ਜਾ ਰਹੇ ਸਨ। ਪੰਜਾਬੀ ਗੀਤਾਂ ਦੀ ਕਿਸਾਨ ਅੰਦੋਲਨ ਦੇ ਸ਼ੁਰੂ ਤੋਂ ਹੀ ਇੱਕ ਲੜੀ ਚੱਲ ਰਹੀ ਸੀ। ਹਰਫ ਚੀਮਾ ਦਾ ਲਿਖਿਆ ਤੇ ਕੰਵਰ ਗਰੇਵਾਲ ਵੱਲੋਂ ਗਾਇਆ ਇਹ ਗੀਤ ਵਾਕਈ ਦਿੱਲੀ (ਕੇਂਦਰ ਸਰਕਾਰ) ਨੂੰ ਚਿਤਾਵਨੀ ਸੀ:

**"ਦਿੱਲੀਏ ਇਹ ਕੱਠ ਤੈਨੂੰ ਪਰੇਸ਼ਾਨ ਕਰੂਗਾ।**
**ਫਸਲਾਂ ਦੇ ਫੈਸਲੇ ਕਿਸਾਨ ਕਰੂਗਾ"।**

ਮਨਕੀਰਤ ਔਲਖ, ਜੱਸ ਬਾਜਵਾ ਤੇ ਨਿਸ਼ਾਨ ਦਾ ਇਹ ਗੀਤ ਬੜਾ ਮਕਬੂਲ ਹੋਇਆ:

**ਤੂੰ ਸਾਡੇ ਬਾਰੇ ਕੀ ਸੁਣਿਆ**
**ਨੱਬੇ ਨੱਬੇ ਸਾਲਾਂ ਦੇ ਬਜ਼ੁਰਗ...**

ਇਸ ਗੀਤ ਨੂੰ 29 ਲੱਖ ਲੋਕਾਂ ਨੇ ਸੁਣਿਆ ਤੇ ਵੇਖਿਆ। ਕੰਵਰ ਗਰੇਵਾਲ ਦਾ 'ਪੇਚਾ ਪੈ ਗਿਆ ਸੈਂਟਰ ਨਾਲ' ਗੀਤ ਨੂੰ ਯੂ-ਟਿਊਬ ਤੇ ਕਰੀਬ 1 ਕਰੋੜ ਲੋਕਾਂ ਨੇ ਵੇਖਿਆ। ਰਣਜੀਤ ਬਾਵਾ ਦਾ 'ਪੰਜਾਬ ਬੋਲਦਾ' ਗੀਤ:

**ਇਹ ਦਰਦ ਹਮੇਸ਼ਾਂ ਨਹੀਂ ਰਹਿਣੇ**
**ਜੰਗ ਛਿੜ ਪਈ ਦਿਲ ਤੇ ਜ਼ਮੀਰ ਦੀ**
**43 ਲੱਖ ਲੋਕਾਂ ਨੇ ਵੇਖਿਆ।**
**"ਪੜ੍ਹੀਂ ਇਤਿਹਾਸ,**
**ਕਈ ਦਿੱਲੀ ਵਾਲਿਆਂ ਦਾ ਲੱਗਣਾ ਨੀ ਦਿਲ,**
**ਉਹ ਕਰਨਗੇ ਯਾਦ ਦਿਲਦਾਰ ਆਏ ਸੀ।**
**ਮੁੜਾਂਗੇ ਪੰਜਾਬ ਜਦੋਂ ਦਿੱਲੀ ਫਤਹਿ ਕਰ,**
**ਦਿੱਲੀ ਰਾਜਭਾਗ ਦਸੂ ਸਰਦਾਰ ਆਏ ਸੀ।**

ਵਿਰਾਸਤ ਸੰਧੂ ਦਾ 'ਫਤਹਿ ਮੋਰਚਾ' ਗੀਤ 3.5 ਕਰੋੜ ਲੋਕਾਂ ਨੇ ਵੇਖਿਆ ਤੇ ਅਜੇ ਹੋਰ ਵੇਖੀ ਜਾ ਰਹੇ ਨੇ। ਸੋ ਕਿਸਾਨ ਘੋਲ ਭਾਰਤ ਦੀਆਂ 500 ਦੇ ਕਰੀਬ ਕਿਸਾਨ ਜਥੇਬੰਦੀਆਂ ਦਾ ਸਮੂਹ ਹੈ ਜਿਸ ਨੇ 'ਸੰਯੁਕਤ ਕਿਸਾਨ ਮੋਰਚਾ' ਦਾ ਰੂਪ ਅਖਤਿਆਰ ਕੀਤਾ।

ਜਿਵੇਂ ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਤੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ', 'ਬਚਿੱਤਰ ਨਾਟਕ' ਤੇ 'ਜ਼ਫਰਨਾਮਾ' ਵਰਗੀਆਂ ਸ਼ਾਹਕਾਰ ਕਿਰਤਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕੀਤਾ, ਉਸੇ ਤਰ੍ਹਾਂ ਪਾਉਂਟਾ ਸਾਹਿਬ ਦੀ ਧਰਤੀ ਤੇ 52 ਦਰਬਾਰੀ ਕਵੀ, ਭਾਈ ਨੰਦ ਲਾਲ ਜੀ ਤੇ ਭਾਈ ਸੰਤੋਖ ਸਿੰਘ ਵਰਗੇ ਵਿਦਵਾਨ ਕਵੀਆਂ ਦੀਆਂ ਕਿਰਤਾਂ ਨੇ ਪੰਜਾਬ ਦੇ ਲੋਕਾਂ ਨੂੰ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕੀਤਾ। ਉਦੋਂ ਦਾ ਬਹੁਤ ਸਾਰਾ ਜੁਝਾਰੂ ਸਾਹਿਤ ਹਮੇਸ਼ਾਂ ਖਾਲਸਾ ਪੰਥ ਤੇ ਅਗਲੀਆਂ ਨਸਲਾਂ ਦੇ ਕੰਮ ਆਇਆ। ਠੀਕ ਇਸੇ ਤਰ੍ਹਾਂ ਹੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਤੇ ਮਜ਼ਦੂਰ ਸੰਗਠਨ, 1991 ਵਿੱਚ ਹੋਏ ਵਿਸ਼ਵ ਵਪਾਰ ਤੇ ਗੈਟ ਸਮਝੌਤੇ ਵਿਰੁੱਧ ਘੋਲਾਂ ਤੇ ਕਲਾ ਰਾਹੀਂ ਆਪਣੀ ਆਵਾਜ਼ ਬੁਲੰਦ ਕਰਦੇ ਰਹੇ। ਕਿਸਾਨ ਅੰਦੋਲਨ ਦੇ ਸ਼ੁਰੂ ਵਿੱਚ ਬਹੁਤ ਸਾਰੇ ਫਿਲਮੀ ਤੇ ਗਾਇਕ ਕਲਾਕਾਰਾਂ ਨੇ ਇਸ ਸੰਘਰਸ਼ ਨਾਲ ਜੁੜ ਕੇ ਇਸ ਨੂੰ ਵਧੇਰੇ ਬਲਵਾਨ ਕੀਤਾ। ਇਹਨਾਂ ਕਲਾਕਾਰਾਂ ਨੇ ਕਿਸਾਨ ਨੂੰ ਅਮੀਰ ਵਿਰਾਸਤ ਨਾਲ ਜੋੜਿਆ। ਦੇਸ਼ਾਂ-ਵਿਦੇਸ਼ਾਂ ਤੋਂ ਚੰਗਾ ਹੁਲਾਰਾ ਮਿਲਿਆ। ਵਿੱਤੀ ਮੱਦਦ ਵੀ ਮਿਲੀ। ਡਾ. ਸਵੈਮਾਨ ਸਿੰਘ ਅਮਰੀਕਾ ਤੇ ਸਾਥੀ ਕਰੋੜਾਂ ਰੁਪਏ ਦੇ ਪੈਕੇਜ ਛੱਡ ਕੇ ਲੋਕ ਸੇਵਾ ਵਿੱਚ ਆਣ ਕੁੱਦੇ।

ਹਰਫ ਚੀਮਾ ਦਾ ਗੀਤ:

**ਬਾਡਰਾਂ ਤੇ ਬੈਠ ਅਸੀਂ ਫਸਲਾਂ ਦੀ ਜੰਗ ਲੜੀ,**
**ਆ ਜੋ ਹੁਣ ਨਸਲਾਂ ਬਚਾਲੀਏ।**

'ਕਿਸਾਨ ਐਂਥਮ-1' ਅਤੇ 'ਕਿਸਾਨ ਐਂਥਮ-2' ਗਿਆਰਾਂ ਕਲਾਕਾਰਾਂ ਨੇ ਮਿਲ ਕੇ ਗਾਇਆ, ਜਿਸਨੂੰ ਇੱਕੋ ਵਾਰ 5.2 ਕਰੋੜ ਲੋਕਾਂ ਨੇ ਯੂ-ਟਿਊਬ ਤੇ ਵੇਖਿਆ। 'ਕਿਸਾਨ ਐਂਥਮ-2' ਨੂੰ 1.68 ਕਰੋੜ ਲੋਕਾਂ ਨੇ ਵੇਖਿਆ। ਕਿਸਾਨਾਂ ਬਾਰੇ ਕਈ ਮਧੁਰ ਗੀਤ ਬਹੁਤ ਮਕਬੂਲ ਹੋਏ। ਰਣਜੀਤ ਬਾਵਾ ਦੇ 'ਬੋਲਦਾ ਪੰਜਾਬ' ਨੂੰ 3.8 ਕਰੋੜ ਲੋਕਾਂ ਨੇ ਵੇਖਿਆ। ਗਾਇਕ ਰਾਜਵੀਰ ਜਾਵੰਦਾ ਦਾ ਗੀਤ 'ਸੁਣ ਦਿੱਲੀਏ' 75 ਲੱਖ ਵਾਰ ਵੇਖਿਆ ਗਿਆ। ਗਿੱਪੀ ਗਰੇਵਾਲ ਦਾ 'ਜ਼ਾਲਮ ਸਰਕਾਰਾਂ' ਯੂ-ਟਿਊਬ ਤੇ 55 ਲੱਖ ਵਾਰ ਵੇਖਿਆ ਗਿਆ। ਜੱਸ ਬਾਜਵਾ ਦਾ 'ਜੱਟਾ ਤਕੜਾ ਹੋਜਾ' 63 ਲੱਖ ਵਾਰ ਵੇਖਿਆ ਗਿਆ। ਹਿੰਮਤ ਸੰਧੂ ਦਾ ਗੀਤ 'ਅਸੀਂ ਵੇਖਾਂਗੇ' 32 ਲੱਖ ਵਾਰ ਵੇਖਿਆਗਿਆ। ਇਸੇ ਤਰ੍ਹਾਂ ਬੱਬੂ ਮਾਨ, ਵਾਰਿਸ ਭਰਾਵਾਂ, ਤੇ ਗਾਇਕਾ ਗੁਰਲੇਜ਼ ਅਖਤਰ, ਰੁਪਿੰਦਰ ਹਾਂਡਾ ਆਦਿ ਨੇ ਵੀ ਕਿਸਾਨੀ ਅੰਦੋਲਨ ਨੂੰ ਆਪਣੇ ਵਿਚਾਰਾਂ ਤੇ ਗੀਤਾਂ ਨਾਲ ਸ਼ਿੰਗਾਰਿਆ।

ਫਿਲਮ ਲੇਖਕ ਤੇ ਕਲਾਕਾਰ ਅਮਿਤੋਜ਼ ਮਾਨ ਵੱਲੋਂ ਪੰਜਾਬ ਦੀਆਂ ਕੁੱਝ ਕਿਸਾਨ ਜਥੇਬੰਦੀਆਂ ਵੱਲੋਂ ਰਾਜਨੀਤਕ ਸਰਗਰਮੀ (ਪੰਜਾਬ ਚੋਣਾਂ 2022) ਵਿੱਚ ਭਾਗ ਲੈਣ ਵਾਲੇ 'ਸੰਯੁਕਤ ਸਮਾਜ ਮੋਰਚਾ' ਦੀ ਮੱਦਦ ਦਾ ਐਲਾਨ ਵੀ ਕੀਤਾ ਹੈ। ਇਸ ਕੰਮ ਲਈ ਉਸਨੇ ਇੱਕ 'ਵਾਚ ਜਾਂ ਨਿਗਰਾਨ ਗਰੁੱਪ' ਬਣਾਇਆ ਹੈ, ਪਰ ਇਸ ਤਰ੍ਹਾਂ ਲੱਗਦਾ ਹੈ ਕਿ 'ਸੰਯੁਕਤ ਸਮਾਜ ਮੋਰਚਾ' ਨੂੰ ਸਮੇਂ ਦੀ ਘਾਟ ਤੇ ਚੋਣ ਦਾ ਮੁੱਢਲਾ ਢਾਂਚਾ ਅਤੇ ਕੇਡਰ ਘੱਟ ਹੋਣ ਕਾਰਨ ਚੋਣਾਂ ਵਿੱਚ ਸਫਲਤਾ ਬਹੁਤ ਘੱਟ ਮਿਲੇਗੀ। 'ਸੰਯੁਕਤ ਸਮਾਜ ਮੋਰਚਾ' ਦਾ ਪੰਜਾਬ ਚੋਣਾਂ ਵਿੱਚ ਭਾਗ ਲੈਣਾ ਸੰਕੇਤਕ ਹੀ ਹੋ ਸਕਦਾ ਹੈ, ਜੋ ਪੰਜਾਬ 'ਚੋਂ ਕਾਰਪੋਰੇਟ ਪੱਖੀ ਮਾਫੀਆ ਰਾਜ ਨੂੰ ਖਤਮ ਕਰਨਾ ਲੋਚਦਾ ਹੈ।

ਕੁੱਝ ਕਿਸਾਨ ਘੋਲ ਗੀਤਾਂ ਦੇ ਟੋਟਕੇ :

**'ਵਿਕ ਗਿਆ ਨੈਸ਼ਨਲ ਮੀਡੀਆ,**
**ਬੀ.ਬੀ.ਸੀ ਤੇ ਜੱਟ ਝੋਟੇ ਛਾਏ ਹੋਏ ਨੇ**
**(ਕਿਸਾਨ ਐਂਥਮ-1, 5.2 ਕਰੋੜ ਦਰਸ਼ਨ)**
**ਜਿੱਤ ਕੇ ਜਾਵਾਂਗੇ ਜਾਂ ਲਾਸ਼ਾਂ ਜਾਣਗੀਆਂ'**

ਕੰਵਰ ਗਰੇਵਾਲ ਦੇ ਕਿਸਾਨੀ ਗੀਤ:

**ਨਾਲ ਵਾਲੇ ਟੈਂਟ ਵਿੱਚ,**
**ਕਿੰਨੇ ਦਿਨ ਕੱਢ ਤੇ ਸੀ,**
**ਇੱਕੋ ਮੈਲੀ ਪੈਂਟ ਵਿੱਚ।**
**ਟਰਾਲੀ ਦੀ ਰਸੋਈ ਬਣੀ, ਬੇਬੇ ਬਾਪੂ ਨਾਲ ਸੀ,**
**ਕਿੰਨੀ ਵਾਰੀ ਮੀਂਹ ਦੇ ਵਿੱਚ ਚੋਈ ਤਰਪਾਲ ਸੀ।**
**ਰੂਹ ਦੇ ਵਿੱਚ ਯਾਦਾਂ ਦਾ ਸਵਾਦ ਰੱਖਿਓ,**

**ਕੱਲੀ ਕੱਲੀ ਗੱਲ ਤੁਸੀਂ ਯਾਦ ਰੱਖਿਓ,**
**ਜਦੋਂ ਮੁੜਾਂਗੇ ਪੰਜਾਬ ਨੂੰ।**
**ਦਿੱਲੀਏ ਇਹ ਕੱਠ ਤੈਨੂੰ ਪਰੇਸ਼ਾਨ ਕਰੂਗਾ।**
**ਫਸਲਾਂ ਦੇ ਫੈਸਲੇ ਕਿਸਾਨ ਕਰੂਗਾ।**

ਸੋ ਜਨ ਅੰਦੋਲਨ ਬਣ ਕੇ ਜਿੱਤਿਆ ਗਿਆ ਕਿਸਾਨੀ ਘੋਲ ਜਬਰ ਤੇ ਸਬਰ ਦੀ ਜੰਗ ਦਾ ਅਜੀਬ ਨਮੂਨਾ ਹੈ। ਮਾਇਆ ਨਗਰੀ ਬੰਬਈ ਦੇ ਫਿਲਮੀ ਕਲਾਕਾਰ ਵੀ ਇਸ ਘੋਲ ਪ੍ਰਤੀ ਦੋ ਭਾਗਾਂ ਵਿੱਚ ਵੰਡ ਗਏ। ਮੀਡੀਆ ਵੀ ਦੋ ਭਾਗਾਂ ਵਿੱਚ ਵੰਡਿਆ ਗਿਆ। ਆਈ.ਟੀ. ਸੈੱਲ ਵੀ ਦੋ ਪ੍ਰਕਾਰ ਦੇ ਹੋ ਗਏ।

ਪ੍ਰੋ. ਮੋਹਨ ਸਿੰਘ ਦੇ ਕਹਿਣ ਅਨੁਸਾਰ:

**ਦੋ ਭਾਗਾਂ ਵਿੱਚ ਧਰਤੀ ਵੰਡੀ,**
**ਇੱਕ ਮਹਿਲਾਂ ਦਾ ਇੱਕ ਢੋਕਾਂ ਦਾ।**
**ਦੋ ਧੜਿਆਂ ਵਿੱਚ ਖਲਕਤ ਵੰਡੀ,**
**ਇੱਕ ਲੋਕਾਂ ਦਾ ਇੱਕ ਜੋਕਾਂ ਦਾ।**

ਸਹੀ ਗੱਲ ਹੈ ਕਿ ਇਸ ਕਿਸਾਨੀ ਸੰਘਰਸ਼ ਨੇ ਜਮਾਤੀ ਵੰਡ ਹੋਰ ਤੇਜ਼ ਕਰ ਦਿੱਤੀ ਹੈ। ਇੱਕ ਅੰਦਾਜੇ ਮੁਤਾਬਕ ਪਿਛਲੇ ਡੇਢ ਸਾਲ ਵਿੱਚ ਕਿਸਾਨੀ ਸੰਘਰਸ਼ ਬਾਰੇ 200 ਖੂਬਸੂਰਤ ਗੀਤ ਆ ਚੁੱਕੇ ਹਨ। ਅਖ਼ਬਾਰਾਂ, ਰਸਾਲਿਆਂ, ਯੂ-ਟਿਊਬ ਚੈਨਲ, ਇੰਸਟਾਗ੍ਰਾਮ, ਟਵਿੱਟਰ ਤੇ ਫੇਸਬੁੱਕ ਵੀਡੀਓਜ਼ ਰਾਹੀਂ ਲੋਕਾਂ ਨੇ ਇਨ੍ਹਾਂ ਗੀਤਾਂ ਦਾ ਖੂਬ ਆਨੰਦ ਲਿਆ। ਇਹ ਗੀਤ ਇੱਕੋ ਸਮੇਂ ਸਿੰਘੂ, ਟਿਕਰੀ, ਕੁੰਡਲੀ, ਪਲਵਲ, ਸ਼ਾਹਜਾਨਪੁਰ ਤੇ ਗਾਜ਼ੀਪੁਰ ਬਾਡਰਾਂ ਤੇ ਲਾਈਵ ਹੁੰਦੇ ਰਹੇ ਤੇ ਵੀਡੀਓਜ਼ ਰਾਹੀਂ ਲੋਕਾਂ 'ਚ ਪ੍ਰਵਾਨ ਚੜ੍ਹੇ। ਨੌਜਵਾਨ ਲੇਖਕ ਅਤੇ ਗਾਇਕ ਬੀਰ ਸਿੰਘ ਤੇ ਬੱਬੂ ਮਾਨ ਨੇ 70% ਗੀਤ ਕਿਸਾਨਾਂ, ਮਜ਼ਦੂਰਾਂ ਤੇ ਗਰੀਬਾਂ ਬਾਰੇ ਲਖੇ ਤੇ ਗਾਏ ਹਨ। ਜਲਦੀ ਹੀ ਇੱਕ ਫਿਲਮ 'ਦਾਸਤਾਨੇ ਕਿਸਾਨ' ਵੀ ਆ ਰਹੀ ਹੈ। ਕਰੋਨਾ ਕਾਲ ਵਿੱਚ ਪੈਸੇ ਦੀ ਦੌੜ ਘਟ ਗਈ ਤੇ ਉਸਾਰੂ ਕੰਮ ਜ਼ਿਆਦਾ ਹੋਏ ਹਨ। ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਪੱਖੀ ਕਾਨੂੰਨ ਬਣਾ ਕੇ ਖੇਤੀ ਤੇ ਕਿਰਸਾਨੀ ਨੂੰ ਉਜਾੜ ਕੇ ਜ਼ਮੀਨ ਦੇ ਕਾਰਪੋਰੇਟ ਬਲਾਕ ਬਣਾ ਕੇ ਖੇਤੀ ਅਧਾਰਿਤ ਲੋਕਾਂ ਨੂੰ ਬੇਰੁਜ਼ਗਾਰ ਕਰਨ ਦੀ ਚਾਲ ਕਿਸਾਨ ਅੰਦੋਲਨ ਨੇ ਫੇਲ ਕਰ ਕੇ ਰੱਖ ਦਿੱਤੀ। ਇਹ ਸਾਰੀ ਵਾਰਤਾ ਬੀਰ ਸਿੰਘ ਦੇ ਖੂਬਸੂਰਤ ਗੀਤ ਨਾਲ ਖਤਮ ਕਰਦੇ ਹਾਂ:

**ਹੱਕਾਂ ਦੀ ਜੰਗ ਹੈ ਵੀਰੋ ਸਬਰਾਂ ਨਾਲ ਲੜਣੀ ਪੈਣੀ**
**ਚੱਲੀ ਜੋ ਚਾਲ ਸਮੇਂ ਨੇ ਅਕਲਾਂ ਨਾਲ ਫੜਨੀ ਪੈਣੀ**
**ਤੇਗਾਂ ਨੂੰ ਤੇਗਾਂ ਮੋੜਨ ਨੀਤੀ ਨੂੰ ਅਕਲਾਂ ਬਈ**
**ਹੋਂਦ ਦੀ ਗੱਲ ਹੈ ਸਾਰੀ ਸਾਂਭਣ ਲਈ ਨਸਲਾਂ ਬਈ**
**ਮਹਿਲਾਂ ਦੀ ਅੱਖ ਜੇ ਮਾੜੀ ਫਿਕਰਾਂ ਉਸ ਬਾਗ ਦੀਆਂ**
**ਜਾਤੀ ਜਾਂ ਧਰਮ ਦੀਆਂ ਨਹੀਂ ਮੰਗਾਂ ਪੰਜਾਬ ਦੀਆਂ**
**ਪਾਉਂਦੇ ਨੇ ਉਹ ਵਖਰੇਵੇਂ ਇੱਕ ਹੋ ਕੇ ਤੁਸੀਂ ਦਿਖਾਓ**
**ਮਿੱਟੀ ਦੇ ਪੁੱਤਰੋ ਜਾਗੋ ਅਕਲਾਂ ਨੂੰ ਧਾਰ ਲਗਾਓ।**

**ਪ੍ਰੋ. ਬਲਬੀਰ ਸਿੰਘ ਮੁਕੇਰੀਆਂ**
**(ਪੰਜਾਬ)**
**ਫੋਨ: 98880-29403**

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਣਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

**(ਸਫ਼ਾ 19 ਦੀ ਬਾਕੀ)**

## ਆਓ ਜਾਣੀਏ!

**ਉੱਤਰ -** (1) A (2) ਅ (3) ਸ (4) ਅ (5) ੳ (6) ੲ (7) ੳ (8) ਸ (9) ਸ (10) ਅ

# ਪੰਜਾਬੀ ਸਭਿਆਚਾਰ ਨਿਘਾਰ ਵੱਲ ਕਿਉਂ?



ਜਿਉਂ ਹੀ ਮੈਂ ਟੀ.ਵੀ. ਦਾ ਬਟਨ ਨੱਪਿਆ ਤਾਂ 'ਤੇਰੇ ਸਾਹਮਣੇ ਠੋਕ ਕੇ ਜਾਣਾ, ਜਿਹੜਾ ਤੇਰੇ ਵਿਚ ਬੋਲਦਾ' ਗੀਤ ਚੱਲ ਰਿਹਾ ਸੀ। ਇਸ ਵਿਚ ਜੋ ਦਿਖਾਇਆ ਜਾ ਰਿਹਾ ਸੀ ਉਹ ਸਮਾਜ ਨੂੰ ਕੁਰਾਹੇ ਪਾਉਣ ਵਾਲਾ ਵੱਧ ਸੀ। ਪੁਰਾਣੇ ਸਮੇਂ ਵਿਚ ਜਦੋਂ ਕੋਈ ਸੰਗੀਤ ਚੱਲਦਾ ਤਾਂ ਉਹ ਰੂਹ ਨੂੰ ਠੰਢ ਪਾਉਣ ਵਾਲਾ ਹੁੰਦਾ ਸੀ ਪਰ ਅੱਜ ਕੱਲ੍ਹ ਦਾ ਸੰਗੀਤ ਰੂਹ ਨੂੰ ਸਾੜਨ ਵਾਲਾ ਅਤੇ ਸਮਾਜ ਨੂੰ ਤਬਾਹ ਕਰਨ ਵਾਲਾ ਹੈ। ਜੋ ਕੁਝ ਟੀ.ਵੀ. ਚੈਨਲਾਂ 'ਤੇ ਸਾਰਾ ਦਿਨ ਦਿਖਾਇਆ ਜਾ ਰਿਹਾ ਹੈ ਉਸ ਦਾ ਸਿੱਟਾ ਸਭ ਦੇ ਸਾਹਮਣੇ ਹੈ।

ਅੱਜ ਜਿਤਨੇ ਵੀ ਗੀਤ ਚੈਨਲਾਂ ਤੇ ਚੱਲ ਰਹੇ ਹਨ ਉਨ੍ਹਾਂ ਵਿਚ ਨੰਗੇਜ਼, ਨਸ਼ੇ, ਬਦਮਾਸ਼ੀ ਅਤੇ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਹਾਲ ਇਹ ਹੈ ਕਿ ਇਹ ਗੀਤ ਮਾਤਾ-ਪਿਤਾ ਆਪਣੇ ਬੱਚਿਆਂ ਨਾਲ ਇਕੱਠੇ ਬੈਠ ਕੇ ਨਹੀਂ ਵੇਖ ਸਕਦੇ। ਬਹੁਤ ਸਾਰੇ ਗੀਤ ਅਜਿਹੇ ਹਨ ਜਿਨ੍ਹਾਂ ਦਾ ਕੋਈ ਭਾਵ ਅਰਥ ਹੀ ਨਹੀਂ ਹੈ। ਗਾਇਕ ਆਪਣੇ ਗੀਤਾਂ ਵਿਚ ਵੱਧ ਤੋਂ ਵੱਧ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਦੀ ਦੌੜ ਵਿਚ ਲੱਗ ਗਏ ਹਨ। ਹਰ ਗਾਇਕ ਦੂਜੇ ਨਾਲੋਂ ਵੱਧ ਕੇ ਹਥਿਆਰ ਦਿਖਾਉਣੇ ਚਾਹੁੰਦਾ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਕਿਸੇ ਬਜ਼ੁਰਗ ਨੂੰ ਇਕ ਨੌਜਵਾਨ ਨੇ ਪੁੱਛਿਆ ਕਿ ਦੁਨੀਆਂ ਵਿਚ ਨਾਂ ਕਿਸ ਤਰ੍ਹਾਂ ਬਣਦਾ ਹੈ। ਬਜ਼ੁਰਗ ਕਹਿਣ ਲੱਗਾ ਕਿ ਦੁਨੀਆਂ ਵਿਚ ਦੋ ਤਰ੍ਹਾਂ ਨਾਲ ਨਾਂ ਮਸ਼ਹੂਰ ਹੁੰਦਾ ਹੈ। ਇਕ ਤਾਂ ਆਦਮੀ ਚੰਗਿਆਈ ਕਰੇ ਅਤੇ ਦੂਜਾ ਬੁਰਾਈ ਕਰੇ। ਚੰਗਿਆਈ ਵਿਚ ਪ੍ਰਸਿੱਧੀ ਹਾਸਲ ਕਰਨ ਲਈ ਕੁਝ ਸਮਾਂ ਲੱਗਦਾ ਹੈ ਪ੍ਰੰਤੂ ਬੁਰਾਈ ਵਿਚ ਨਾਂ ਛੇਤੀ ਬਣ ਜਾਂਦਾ ਹੈ। ਅੱਜ ਦੀ ਜਵਾਨੀ ਬੁਰਾਈ ਕਰਨ ਵਿਚ ਰੁਝ ਗਈ ਹੈ। ਉਹ ਭੁੱਲ ਗਏ ਹਨ ਕਿ ਚੰਗਿਆਈ ਵਿਚ ਬਣਿਆ ਨਾਂ ਤੁਹਾਡੇ ਹੀ ਨਹੀਂ ਸਗੋਂ ਤੁਹਾਡੇ ਮਾਤਾ-ਪਿਤਾ, ਪਰਿਵਾਰ ਅਤੇ ਸਾਕ ਸੰਬੰਧੀਆਂ ਦੇ ਕੰਮ ਵੀ ਆਉਂਦਾ ਹੈ।

ਬੁਰਾਈ ਨਾਲ ਬਣਿਆ ਨਾਂ ਕਈਆਂ ਲਈ ਬਰਬਾਦੀ ਦਾ ਕਾਰਨ ਬਣ ਜਾਂਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਜੋ ਕੁਝ ਟੀ.ਵੀ. ਤੇ ਦੇਖਦੀ ਹੈ ਉਸ ਦੀ ਹੀ ਨਕਲ ਕਰਦੀ ਹੈ। ਜਦੋਂ ਇਹੋ ਜਿਹੇ ਬਦਮਾਸ਼ ਫੜੇ ਜਾਂਦੇ ਹਨ ਤਾਂ ਉਹ ਦੱਸਦੇ ਹਨ ਕਿ ਇਹ ਸਾਰੀ ਸਕੀਮ ਅਸੀਂ ਫਲਾਣੀ ਫ਼ਿਲਮ ਤੋਂ ਲਈ ਜਾਂ ਟੀ.ਵੀ. ਤੇ ਚੱਲ ਰਹੇ ਚੈਨਲਾਂ ਤੋਂ ਵੇਖ ਕੇ ਬਣਾਈ ਹੈ। ਅੱਜ ਪੰਜਾਬ ਵਿਚ ਹਰ ਪਾਸੇ ਨਸ਼ਿਆਂ ਦੀ ਚਰਚਾ ਹੋ ਰਹੀ ਹੈ। ਇਹ ਨਸ਼ੇ ਇਕ ਦਿਨ ਵਿਚ ਤਾਂ ਆ ਨਹੀਂ ਗਏ। ਇਨ੍ਹਾਂ ਨੂੰ ਪੰਜਾਬ ਵਿਚ ਆਪਣਾ ਜਾਲ ਵਿਛਾਉਂਦਿਆਂ ਕਈ ਵਰ੍ਹੇ ਲੱਗ ਗਏ ਹੋਣੇ ਨੇ, ਪਰ ਹੁਣ ਇਹ ਘਰ-ਘਰ ਪਹੁੰਚ ਗਏ ਹਨ।

ਇਸ ਕਾਰਨ ਰੋਜ਼ਾਨਾ ਪੰਜਾਬ ਵਿਚ ਅਰਥੀਆਂ ਨਿਕਲਣੀਆਂ ਸ਼ੁਰੂ ਹੋਈਆਂ ਹਨ ਤਾਂ ਜਾ ਕੇ ਸਰਕਾਰ ਜਾਗੀ ਹੈ। ਗਲਾਸੀ ਜੰਕਸ਼ਨ, ਖਾਣ ਬੱਕਰੇ ਤੇ ਪੀਣ ਸ਼ਰਾਬਾਂ ਪੁੱਤ ਸਰਦਾਰਾ ਵਰਗੇ ਰਿਕਾਰਡ ਜਦੋਂ ਚੈਨਲਾਂ ਤੇ ਗੂੰਜਦੇ ਹਨ ਤਾਂ ਨੌਜਵਾਨਾਂ ਦਾ ਇਨ੍ਹਾਂ ਵੱਲ ਖਿੱਚਿਆ ਜਾਣਾ ਕੁਦਰਤੀ ਹੈ। ਅੱਜ ਹਰ ਨੌਜਵਾਨ ਹਥਿਆਰਬੰਦ ਹੋਣਾ ਲੋਚਦਾ ਹੈ। ਹੁਣ ਉਹ ਸਮਾਂ ਬਹੁਤ ਦੂਰ ਨਹੀਂ ਜਦੋਂ ਲੜਕਾ ਲੜਕੀ ਆਪਣੇ ਕੋਲ ਹਥਿਆਰ ਰੱਖਣ ਦਾ ਸ਼ੌਕ ਪੂਰਾ ਕਰਨ ਲਈ ਆਪਣੇ ਮਾਤਾ-ਪਿਤਾ ਨੂੰ ਮਜਬੂਰ ਕਰਨ ਲੱਗ ਪੈਣਗੇ।

ਇਸ ਨਾਲ ਅਮਨ ਕਾਨੂੰਨ ਦੀ ਹਾਲਤ ਹੋਰ ਬਦਤਰ ਹੋ ਜਾਵੇਗੀ। ਮੈਂ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਗਿਆ। ਜਦੋਂ ਲੜਕਾ ਅਤੇ ਲੜਕੀ ਵਾਪਸ ਮੈਰਿਜ ਪੈਲਸ ਵਿਚ ਆਏ ਤਾਂ ਉਨ੍ਹਾਂ ਅੱਗੇ ਚਾਰ ਪੰਜ ਨੌਜਵਾਨ ਚੱਲ ਰਹੇ ਸਨ ਜਿਨ੍ਹਾਂ ਨੇ ਬੰਦੂਕਾਂ ਫੜੀਆਂ ਹੋਈਆਂ ਸਨ। ਉਨ੍ਹਾਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਚਲਾਉਣ ਤੋਂ ਬਾਅਦ ਉਹ ਚਲਦੇ ਬਣੇ। ਸ਼ਾਇਦ ਜੰਞ ਵਾਲਿਆਂ ਨੇ ਆਪਣਾ ਟੌਹਰ ਬਣਾਉਣ ਲਈ ਬੰਦੂਕਾਂ ਵਾਲੇ ਬੰਦੇ ਕਿਰਾਏ ਤੇ ਲਿਆਂਦੇ ਸਨ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਚੈਨਲਾਂ ਤੇ ਜਿਹੜਾ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਸ ਨੂੰ ਤੁਰੰਤ ਰੋਕੇ। ਇਸ ਤੋਂ ਇਲਾਵਾ ਨੰਗੇਜ਼ ਅਤੇ ਨਸ਼ਿਆਂ ਦਾ ਜੋ ਵਿਖਾਵਾ ਕੀਤਾ ਜਾ ਰਿਹਾ ਹੈ ਉਸ ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ। ਇਹੋ ਜਿਹੇ ਗੀਤ ਜਿਹੜੇ ਜੁਰਮ ਨੂੰ ਵਧਾਉਣ ਵਿਚ ਸਹਾਈ ਹੁੰਦੇ ਹਨ, ਉਨ੍ਹਾਂ ਨੂੰ ਸੈਂਸਰ ਕਰਨ ਦੀ ਲੋੜ ਹੈ। ਜੇ ਇਹ ਸਭ ਕੁਝ ਨਾ ਰੋਕਿਆ ਗਿਆ ਤਾਂ ਆਉਣ ਵਾਲਾ ਸਮਾਂ ਬੜਾ ਭਿਆਨਕ ਹੋਵੇਗਾ। ਇਹ ਪੰਜਾਬੀ ਸੱਭਿਆਚਾਰ ਦਾ ਵਿਕਾਸ ਨਹੀਂ ਵਿਨਾਸ਼ ਹੈ।

ਕਹਾਣੀ

# ਸੇਵਕ

*ਉਪਦੇਸ਼ ਸਿੰਘ ਸਚਦੇਵਾ*

ਸਰਦੀਆਂ ਦੀ ਸ਼ਾਮ ਹੋਲੀ-ਹੋਲੀ ਢਲਦੀ ਹੋਈ ਲਗਭਗ ਰਾਤ ਵਿੱਚ ਤਬਦੀਲ ਹੋ ਗਈ ਸੀ। ਠੰਡ ਪੂਰੇ ਜ਼ੋਰ ਤੇ ਸੀ ਰਸਭਿੰਨਾ ਕੀਰਤਨ ਹੋ ਰਿਹਾ ਸੀ ਪਰ ਸੰਗਤ ਕੋਈ ਜ਼ਿਆਦਾ ਨਹੀਂ ਸੀ ਸ਼ਰਧਾਲੂ ਮੱਥਾ ਟੇਕਦੇ ਅਤੇ ਬਾਹਰ ਆ ਜਾਂਦੇ ਸਾਰਾ ਵਾਤਾਵਰਣ ਸ਼ਾਂਤ ਸੀ। ਕੀਰਤਨ ਦੀ ਪਹਿਲੀ ਲਾਈਨ ਸੀ : 'ਸਭਨਾ ਕਾ ਮਾਂ ਪਿਓ ਆਪ ਹੈ, ਆਪੇ ਸਾਰ ਕਰੇ' ਅਰਥਾਤ ਹੇ ਵਾਹਿਗੁਰੂ, ਤੂੰ ਸਭਨਾਂ ਦਾ ਮਾਤਾ-ਪਿਤਾ ਹੈਂ, ਤੂੰ ਹੀ ਸਾਰਿਆਂ ਦਾ ਧਿਆਨ ਰਖਦਾ ਹੈਂ ਅਤੇ ਸਭ ਦੇ ਸੁੱਖ-ਦੁੱਖ ਨੂੰ ਵੇਖਦਾ ਤੇ ਸਮਝਦਾ ਹੈਂ।

ਮੈਂ ਕਾਫੀ ਲੇਟ ਹੋ ਚੁਕਿਆ ਸੀ। ਮੈਂ ਮੱਥਾ ਟੇਕ ਕੇ ਹਾਲ ਤੋਂ ਬਾਹਰ ਆ ਗਿਆ। ਪ੍ਰਸ਼ਾਦ ਲਿਆ ਤੇ ਫਿਰ ਅੰਮ੍ਰਿਤ ਤੇ ਫਿਰ ਨਿਸ਼ਾਨ ਸਾਹਿਬ ਵਲ ਵਧ ਗਿਆ। ਨਿਸ਼ਾਨ ਸਾਹਿਬ ਨੂੰ ਮੱਥਾ ਟੇਕਦੇ ਹੋਏ ਮੇਰੀ ਨਿਗਾਹ ਇਕ ਕੋਨੇ ਵਿੱਚ ਖੜੇ ਇਕ ਸਿੱਖ ਤੇ ਪਈ। ਪਤਲਾ ਸ਼ਰੀਰ, ਉਸਨੇ ਚਿੱਟਾ ਕੁਰਤਾ-ਪਜਾਮਾ ਪਾਇਆ ਹੋਇਆ ਸੀ। ਸਿਰ ਤੇ ਸਫ਼ੇਦ ਪਗੜੀ, ਸਫ਼ੇਦ ਖੁੱਲੀ ਦਾੜ੍ਹੀ, ਚਿਹਰਾ ਮੁਰਝਾਇਆ ਹੋਇਆ ਰੰਗ ਸਾਵਲਾ। ਉਮਰ ਲਗਬਗ 70-80 ਦੇ ਵਿੱਚ ਸੀ। ਉਸਦੀਆਂ ਅੱਖਾਂ ਵਿੱਚ ਹੰਝੂ ਸਨ, ਉਹ ਉੱਚਾ-ਉਚਾ ਰੋ ਰਿਹਾ ਸੀ। ਉਸਨੂੰ ਦੇਖ ਕੇ ਲਗ ਰਿਹਾ ਸੀ-ਜਿਵੇਂ ਕੋਈ ਅਨਾਥ ਹੋਵੇ ਜਾਂ ਕੋਈ ਬੱਚਾ ਭਰੇ ਮੇਲੇ ਵਿੱਚ ਆਪਣੇ ਮਾਤਾ-ਪਿਤਾ ਤੋਂ ਵਿਛੜ ਗਿਆ ਹੋਵੇ। ਉਸਦੇ ਆਸਪਾਸ ਕਾਫੀ ਭੀੜ ਹੋਣ ਲੱਗ ਪਈ ਸੀ ਪਰ ਕੋਈ ਵੀ ਉਸ ਕੋਲੋਂ ਉਸਦੇ ਰੋਣ ਦਾ ਕਾਰਣ ਨਹੀਂ ਪੁੱਛ ਰਿਹਾ ਸੀ, ਮੈਥੋਂ ਰਿਹਾ ਨਹੀਂ ਗਿਆ। ਮੈਂ ਅਗੇ ਹੋ ਕੇ ਉਸ ਨੂੰ ਰੋਣ ਦਾ ਕਾਰਣ ਪੁਛਿਆ -'ਬਾਬਾ ਕੀ ਹੋਇਆ, ਤੁਸੀ ਰੋ ਕਿਓਂ ਰਹੇ ਹੋ?'

ਉਸਨੇ ਮੇਰੇ ਵਲ ਦੇਖਿਆ, ਹੁਣ ਉਸਦਾ ਰੋਣਾ ਪਹਿਲਾਂ ਤੋਂ ਹੋਰ ਜ਼ਿਆਦਾ ਵਧ ਗਿਆ ਸੀ। ਮੈਂ ਉਸਨੂੰ ਫਿਰ ਪੁਛਿਆ, ਤੁਹਾਨੂੰ ਕੀ ਤਕਲੀਫ਼ ਹੈ, ਮੈਂ ਤੁਹਾਡੀ ਕੋਈ ਮਦਦ ਕਰ ਸਕਦਾ ਹਾਂ? ਬਾਬਾ ਰੋਂਦੇ-ਰੋਂਦੇ ਕਹਿਣ ਲਗਾ, 'ਮੇਰਾ ਪੁੱਤਰ ਤੇ ਨੂੰਹ ਮੈਨੂੰ ਆਪਣੇ ਨਾਲ ਲਿਆਏ ਸਨ। ਕਹਿਣ ਲਗੇ ਤੁਸੀਂ ਏਥੇ ਰੁੱਕੋ, ਅਸੀਂ ਦਸ ਮਿੰਟ ਵਿੱਚ ਆਂਦੇ ਹਾਂ। ਤਿੰਨ ਘੰਟੇ ਹੋ ਗਏ, ਨਹੀਂ ਆਏ। ਹੁਣ ਮੈਂ ਕਿਥੇ ਜਾਵਾਂ? ਮੇਰਾ ਬਚਿਆਂ ਤੋਂ ਇਲਾਵਾ ਹੋਰ ਕੋਈ ਹੈ ਵੀ ਤਾਂ ਨਹੀਂ। ਮੇਰਾ ਨਾ ਘਰ ਹੈ ਨਾ ਹੀ ਮੇਰੇ ਕੋਲ ਕੋਈ ਪੈਸਾ। ਜੋ ਥੋੜ੍ਹਾ ਬਹੁਤ ਸੀ ਉਹ ਵੀ ਬੱਚਿਆਂ ਨੇ ਲੈ ਲਿਆ ਮੈਥੋਂ। ਮੇਰਾ ਜੋ ਛੋਟਾ ਜਿਹਾ ਘਰ ਸੀ ਉਹ ਵਿਕਵਾ ਕੇ ਆਪਣੇ ਨਾਂ ਇਕ ਫ਼ਲੈਟ ਲੈ ਲਿਆ। ਹੁਣ ਮੈਂ ਕੀ ਕਰਾਂ?'

'ਤੁਸੀਂ ਰੋਣਾ ਬੰਦ ਕਰੋ, ਸਭ ਠੀਕ ਹੋ ਜਾਏਗਾ। ਆਪਦੇ ਬੱਚੇ ਆ ਜਾਣਗੇ ਕਿਧਰੇ ਅਟਕ ਗਏ ਹੋਣਗੇ। ਦਿੱਲੀ ਸ਼ਹਿਰ ਹੈ ਕੋਈ ਪਤਾ ਨਹੀਂ ਚਲਦਾ ਭੀੜ-ਭੜੱਕੇ ਦਾ।'

'ਹੁਣ ਕੌਣ ਆਏਗਾ? ਬੇਟਾ ਹੁਣ ਕੋਈ ਨਹੀਂ ਆਏਗਾ।'

'ਮੈਂ ਤੁਹਾਨੂੰ ਕਿਸੇ ਚੀਜ਼ ਦਾ ਵਾਅਦਾ ਤਾਂ ਨਹੀਂ ਕਰਦਾ, ਜੇਕਰ ਤੁਸੀਂ ਮੇਰੇ ਨਾਲ ਚਲਣਾ ਚਾਹੋ ਤਾਂ ਚਲ ਸਕਦੇ ਹੋ।'

ਬਾਬਾ ਨੇ ਅਪਣੇ ਕੁਰਤੇ ਨੂੰ ਉਪਰ ਚੁਕ ਕੇ ਅੱਖਾਂ ਪੂੰਝੀਆਂ ਤੇ ਕਹਿਣ ਲਗਾ, 'ਬੇਟਾ ਮੇਰਾ ਤਾਂ ਹੈ ਨਹੀਂ ਕੋਈ। ਨੂੰਹ-ਪੁੱਤਰ ਤਾਂ ਮੈਨੂੰ ਇਥੇ ਛੱਡ ਕੇ ਚਲੇ ਗਏ। ਇਨ੍ਹਾਂ ਤਿੰਨ ਘੰਟਿਆਂ ਵਿੱਚ ਮੈਂ ਪਤਾ ਨਹੀਂ ਕੀ-ਕੀ ਸੋਚਿਆ। ਕੀ-ਕੀ ਮੇਰੀਆਂ ਅੱਖਾਂ ਦੇ ਸਾਹਮਣੇ ਨਹੀਂ ਆਇਆ। ਮੈਂ ਅਪਣੇ ਆਪ ਨੂੰ ਭੀਖ ਮੰਗਦਿਆਂ ਵੀ ਦੇਖਿਆ। ਸੌ-ਸੌ ਦੁਆਵਾਂ ਮੰਗੀਆਂ ਸਨ ਮੈਂ ਪੁੱਤਰ ਵਾਸਤੇ। ਕੋਈ ਤੀਰਥ-ਅਸਥਾਨ ਨਹੀਂ ਛੱਡਿਆ ਆਖ਼ਰ ਹੇਮਕੁੰਟ ਸਾਬ੍ਹ ਜਾ ਕੇ ਪੁੱਤਰ ਦੀ ਸੁੱਖਣਾ ਸੁੱਖੀ। ਆਖਰ ਪੁੱਤਰ ਹੋਇਆ। ਜੀ-ਜਾਨ ਲਾ ਕੇ ਪੁੱਤਰ ਪਾਲਿਆ-ਪੋਸਿਆ ਪਰਮਾਤਮਾ ਉਸਨੂੰ ਖੁਸ਼ ਰੱਖੇ।'

'ਫਿਰ ਚਲੀਏ?' ਮੈਂ ਕਿਹਾ।

ਬਾਬਾ ਫਿਰ ਬੋਲਿਆ, 'ਪਹਿਲਾਂ ਮੈਨੂੰ ਕਿਸੇ ਬਿਰਧ-ਆਸ਼ਰਮ 'ਚ ਲੈ ਗਏ, ਪਰ ਬਿਰਧ-ਆਸ਼ਰਮ 'ਚ ਪੈਸੇ ਦੇਣੇ ਪੈਂਦੇ ਸਨ। ਤਿੰਨ ਮਹੀਨੇ ਬਾਅਦ ਅੱਜ ਦੋਨੋਂ ਆਏ ਤੇ ਮੈਨੂੰ ਏਥੇ ਛੱਡ ਗਏ। ਹੁਣ ਕਿਓਂ ਆਣਗੇ?'

'ਚਲੋ ਆਓ ! ਹੁਣ ਚਲਦੇ ਹਾਂ।' ਮੈਂ ਕਿਹਾ।

ਕੀ ਹੋ ਗਿਐ ਅੱਜ। ਮੈਂ ਜਦ ਜਵਾਨ ਸੀ, ਅਜੇ ਮੇਰਾ ਵਿਆਹ ਨਹੀਂ ਸੀ ਹੋਇਆ। ਮਾਤਾ-ਪਿਤਾ ਦੀ ਦੇਖ-ਰੇਖ ਵਿੱਚ ਰਹਿੰਦਾ ਸੀ। ਪਿਤਾ ਜੀ ਮਜ਼ਦੂਰੀ ਕਰਦੇ ਸਨ। ਫਿਰ ਬੀਮਾਰ ਰਹਿਣ ਲਗੇ। ਟੀ.ਬੀ. ਸੀ। ਹਸਤਪਾਲ ਦੂਰ ਸੀ। ਕਿਰਾਏ ਦੇ ਪੈਸੇ ਵੀ ਨਹੀਂ ਸਨ ਹੁੰਦੇ। ਮੋਢੇ ਤੇ ਚੁੱਕ ਕੇ ਲਿਜਾਂਦਾ ਸੀ ਹਸਤਪਾਲ। ਇਹ ਕੋਈ ਇਕ ਦਿਨ ਦਾ ਕੰਮ ਨਹੀਂ ਸੀ। ਸਰਦੀ ਹੋਵੇ ਜਾਂ ਗਰਮੀ ਜਾਂ ਫਿਰ ਬਾਰਸ਼, ਇਹੀ ਤਰੀਕਾ ਸੀ। ਇਹ ਕੋਈ ਅਹਿਸਾਨ ਨਹੀਂ ਸੀ ਉਨ੍ਹਾਂ ਤੇ। ਜਿੰਨਾ ਨੇ ਜਨਮ ਦਿੱਤਾ, ਵੱਡ੍ਹਾ ਕੀਤਾ। ਇਕ-ਇਕ ਪਲ ਅਪਣੀ ਜਾਨ ਨਿਛਾਵਰ ਕੀਤੀ। ਉਹ ਰੱਬ ਨਹੀਂ ਸਨ ਤਾਂ ਕੀ ਸਨ। ਅਜ ਬੱਚੇ ਹਰ ਗਲ ਤੇ ਮਾਤਾ-ਪਿਤਾ ਨੂੰ ਟੋਕਦੇ ਹਨ। ਗਲ-ਗਲ ਤੇ ਬਹਿਸ ਕਰਦੇ ਹਨ। ਬੇਇਜ਼ਤੀ ਕਰਦੇ ਹਨ।

ਮੈਨੂੰ ਲਗਿਆ ਇਹ ਸਭ ਮੈਨੂੰ ਕਿਹਾ ਜਾ ਰਿਹਾ ਸੀ।

ਬਾਹਰ ਆ ਕੇ ਅਸੀਂ ਆਟੋ-ਰਿਕਸ਼ਾ ਕੀਤਾ।

'ਮੈਂ ਪੁਛਿਆ ਕੀ ਕਰਦੇ ਸੀ ਤੁਸੀਂ। ਮੇਰਾ ਮਤਲਬ ਨੌਕਰੀ ਜਾਂ ਕੋਈ ਕੰਮ-ਧੰਧਾ।'

'ਇਕ ਪ੍ਰਾਈਵੇਟ ਕੰਪਨੀ ਵਿੱਚ ਕਲਰਕ ਸੀ।'

ਕਿੰਨੇ ਬੱਚੇ ਹਨ ਤੁਹਾਡੇ?

'ਕਿਹਾ ਨਾ, ਇਕੋ ਬੇਟਾ ਸੀ, ਉਹ ਵੀ ਸੌ-ਸੌ ਮੰਨਤਾਂ ਮੰਗ ਕੇ ਲਿਆ ਸੀ।'

'ਤੁਹਾਡੀ ਘਰਵਾਲੀ?'

'ਉਹਨੂੰ ਮਰੇ ਤਾਂ ਵੀਹ ਸਾਲ ਹੋ ਗਏ।' ਬੜਾ ਪਿਆਰ ਕਰਦੀ ਸੀ ਆਪਣੇ ਪੁੱਤਰ ਨੂੰ, ਜਾਨ ਦੇਂਦੀ ਸੀ ਅਪਣੇ ਪੁੱਤਰ ਤੇ।'

'ਉਹਦੇ ਬਾਅਦ?'

'ਉਹਦੇ ਬਾਅਦ ਕੀ? ਘਰਵਾਲੀ ਦੇ ਟੁਰ ਜਾਣ ਤੋਂ ਬਾਅਦ ਤਾਂ ਜੀਣਾ

ਮੁਹਾਲ ਹੋ ਗਿਆ। ਸੱਚ ਮੰਨਣਾਂ ਜੇਕਰ ਜ਼ਿੰਦਗੀ ਦਾ ਕੋਈ ਸੱਚਾ ਸਾਥੀ ਹੈ ਤਾਂ ਉਹ ਹੈ ਘਰਵਾਲੀ। ਘਰਵਾਲੀ ਲਈ ਉਹਦਾ ਪਤੀ ਤੇ ਪਤੀ ਲਈ ਉਹਦੀ ਘਰਵਾਲੀ। ਬੇਟੇ ਦਾ ਅਜੇ ਵਿਆਹ ਨਹੀਂ ਸੀ ਹੋਇਆ। ਹੁਣ ਤਕ ਸਭ ਠੀਕ ਚਲ ਰਿਹਾ ਸੀ। ਬਸ ਵਿਆਹ ਤੋਂ ਬਾਅਦ ਹੀ ਕਲਹਿ-ਕਲੇਸ਼ ਸ਼ੁਰੂ ਹੋ ਗਿਆ। ਬੇਟੇ ਦੀ ਤਨਖ਼ਾਹ ਕੋਈ ਜ਼ਿਆਦਾ ਨਹੀਂ ਸੀ। ਪਰਿਵਾਰ ਦੇ ਵਧਣ ਨਾਲ ਸਮਸਿਆ ਹੋਰ ਵਧ ਗਈ।

ਇਕ ਦਿਨ ਦੋਨੋਂ ਨੂੰਹ-ਪੁਤਰ ਆ ਕੇ ਕਹਿਣ ਲਗੇ, ਤੁਸੀ ਬਿਰਧ-ਆਸ਼ਰਮ ਚਲੇ ਜਾਓ। ਮੈਂ ਕੁੱਝ ਨਾ ਕਿਹਾ। ਹਾਲਾਤ ਹੀ ਇਹੋ ਜਿਹੇ ਬਣ ਗਏ ਸਨ। ਉਥੇ ਜਾ ਕੇ ਦੇਖਿਆ ਹਰ ਬਿਰਧ ਦੀ ਅਪਣੀ ਹੀ ਇਕ ਅਲਗ ਦੁੱਖ ਭਰੀ ਕਹਾਣੀ ਹੈ। ਮਰਤਾ ਕਿਆ ਨਾ ਕਰਤਾ। ਉਥੇ ਹੀ ਰਹਿਣਾ ਪਿਆ ਬੇਟਾ ਮਹੀਨੇ ਵਿੱਚ ਇਕ-ਅਧ ਵਾਰ ਆਂਦਾ, ਪੰਜ-ਸੱਤ ਮਿੰਟ ਬੈਠ ਕੇ ਚਲਾ ਜਾਂਦਾ। ਧੀਆਂ- ਪੁੱਤਰਾਂ ਨਾਲੋਂ ਸੌ ਗੁਣਾ ਚੰਗੀਆਂ ਹੁੰਦੀਆਂ ਹਨ। ਮਰਦੇ ਦਮ ਤੱਕ ਉਨ੍ਹਾਂ ਦੇ ਤਾਰ ਮਾਤਾ-ਪਿਤਾ ਨਾਲ ਜੁੜੇ ਰਹਿੰਦੇ ਹਨ।'

'ਅਜ ਪੁੱਤਰ-ਨੂੰਹ ਦੋਵੇਂ ਆਏ ਤੇ ਮੈਨੂੰ ਅਪਣੇ ਨਾਲ ਗੁਰਦੁਆਰੇ ਲੈ ਆਏ। ਹੁਣ ਪਤਾ ਨਹੀਂ ਅਗੋਂ ਕੀ ਹੋਏਗਾ, ਰਬ ਜਾਣੇ।'

'ਹੌਸਲਾ ਰਖੋ ਸਭ ਠੀਕ ਹੋ ਜਾਏਗਾ।'

ਬਾਬਾ ਕਹਿਣ ਲਗਾ, 'ਮਾਂ-ਬਾਪ ਬਚਿਆਂ ਲਈ ਕੀ ਨਹੀਂ ਕਰਦੇ ਗੂੰਹ-ਮੂਤਰ ਸਾਫ਼ ਕਰਨ ਤੋਂ ਲੈ ਕੇ ਖਾਣਾ-ਪੀਣਾ, ਰਹਿਣ-ਸਹਿਣ, ਪੜ੍ਹਾਈ-ਲਿਖਾਈ ਇਸ ਸਭ ਦੀ ਫ਼ਿਕਰ ਰਹਿੰਦੀ ਹੈ ਉਨ੍ਹਾਂ ਨੂੰ। ਕੋਈ ਇਕ ਰਾਤ ਗਿੱਲੇ ਬਿਸਤਰੇ ਤੇ ਸੌਂ ਕੇ ਦਿਖਾਏ। ਮਾਂ ਨੂੰ ਤਾਂ ਹਰ ਰੋਜ਼ ਹੀ ਸੌਣਾ ਹੁੰਦਾ ਬੱਚੇ ਦੇ ਨਾਲ ਮਾਂ ਹਰ ਚੀਜ਼ ਖੁਸ਼ੀ-ਖੁਸ਼ੀ ਸਹਿੰਦੀ ਹੈ ਇਹੀ ਹਾਲਤ ਪਿਤਾ ਦੀ ਵੀ ਹੈ। ਪਰ ਜਦੋਂ ਮਾਂ-ਬਾਪ ਬੁੱਢੇ ਤੇ ਕਮਜ਼ੋਰ ਹੋ ਜਾਂਦੇ ਹਨ ਤਾਂ ਬੱਚੇ ਉਨ੍ਹਾਂ ਨਾਲ ਗਲ ਕਰਨਾ ਵੀ ਪਸੰਦ ਨਹੀਂ ਕਰਦੇ। ਮਾਂ-ਬਾਪ ਦੀ ਕੋਈ ਵੀ ਗਲ, ਕੋਈ ਵੀ ਆਦਤ, ਕੋਈ ਵੀ ਕੰਮ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਉਨ੍ਹਾਂ ਨੂੰ ਤਾਂ ਇਹ ਵੀ ਮਹਿਸੂਸ ਨਹੀਂ ਹੁੰਦਾ ਕਿ ਉਹ ਅਪਣੇ ਮਾਂ-ਬਾਪ ਦਾ ਘੋਰ ਨਿਰਾਦਰ ਕਰ ਰਹੇ ਹਨ। ਮਾਂ-ਬਾਪ ਅਪਣੀ ਬੇਇਜ਼ਤੀ ਕਰਾ ਕੇ ਵੀ ਚੁੱਪ ਰਹਿ ਜਾਂਦੇ ਹਨ। ਆਖ਼ਰ ਇਹ ਸਭ ਕਿਓਂ ਹੁੰਦਾ ਹੈ?' ਬਾਬਾ ਦੀਆਂ ਅੱਖਾਂ ਇਕ ਵਾਰੀ ਫਿਰ ਭਰ ਆਈਆਂ ਸਨ।

'ਇਕ ਲੱਖ ਰੁਪਏ ਦਾ ਕਰਜ਼ਾ ਚੁੱਕ ਰਿਸ਼ਵਤ ਦੇ ਕੇ ਪੁੱਤਰ ਦੀ ਨੌਕਰੀ ਲੁਆਈ ਸੀ। ਹੁਣ ਦੋ ਵੇਲੇ ਦੀ ਰੋਟੀ ਵੀ ਉਨ੍ਹਾਂ ਨੂੰ ਨਹੀਂ ਜੁੜਦੀ। ਨੂੰਹ ਹੈ ਤਾਂ ਚੰਗੇ ਘਰ ਤੋਂ ਪਰ ਪਤਾ ਨਹੀਂ ਉਪਰ ਵਾਲੇ ਦਾ ਕੀ ਵਿਧਾਨ ਹੈ ਗਲ-ਗਲ ਤੇ ਗੁੱਸਾ ਕਢਦੀ ਤੇ ਵਿਹਲੀਆਂ ਖਾਣ ਦੇ ਤਾਨ੍ਹੇ ਮਾਰਦੀ। ਅਖੇ ਖਰਚਾ ਬਹੁਤ ਹੈ। ਪੈਸਾ ਕਿਥੋਂ ਆਏ? ਮੈਂ ਜਾਣਦਾਂ ਇਹ ਸਭ ਬਹਾਨੇ ਹਨ ਮੈਨੂੰ ਘਰੋਂ ਭਜਾਣ ਦੇ ਜਾਂ ਸ਼ਾਇਦ ਸੋਚਦੇ ਹਨ ਕਿ ਮੈਂ ਇਨ੍ਹਾਂ ਗਲਾਂ ਤੋਂ ਤੰਗ ਆ ਕੇ ਆਤਮ-ਹਤਿਆ ਕਰ ਲਾਂਗਾ। ਸੱਚ ਮੰਨਣਾਂ ਸੋਚਿਆ ਵੀ ਕਈ ਵਾਰੀ। ਇਕ ਵਾਰੀ ਗੱਡੀ ਹੇਠ ਸਿਰ ਦੇਣ ਦੀ ਵੀ ਕੋਸ਼ਿਸ਼ ਕੀਤੀ, ਪਰ ਲੋਕਾਂ ਨੇ ਬਚਾ ਲਿਆ।'

'ਹੁਣ ਤੁਸੀਂ ਮੇਰੇ ਕੋਲ ਹੀ ਰਹੋਗੇ। ਮੈਂ ਹਾਂ ਮੇਰੀ ਪਤਨੀ ਤੇ ਦੋ ਬੱਚੇ ਹਨ ਦੋਨੋਂ ਸਕੂਲ ਜਾਂਦੇ ਹਨ।' 'ਮੈਂ ਸਿੱਖ ਹਾਂ। ਦਿੱਲੀ ਵਿੱਚ ਕਈ ਗੁਰਦੁਆਰੇ ਹਨ। ਘਰ ਦੇ ਕੋਲ ਵੀ ਦੋ ਤਿੰਨ ਹਨ ਲੰਗਰ ਗੁਰਦੁਆਰੇ 'ਚ ਸਿੱਖ ਧਰਮ ਦੀ ਪ੍ਰਥਾ ਹੈ। ਸੱਚ ਮੰਨਣਾਂ ਮੇਰੀ ਕੋਸ਼ਿਸ਼ ਤਾਂ ਇਹੀ ਰਹੀ ਹੈ ਕਿ ਚੁਪਚਾਪ ਗੁਰਦੁਆਰੇ ਜਾਵਾਂ ਤੇ ਲੰਗਰ ਖਾ ਕੇ ਆ ਜਾਇਆ ਕਰਾਂ। ਪਰ ਸ਼ਰਮ ਆਂਦੀ ਹੈ। ਕੀ ਸੋਚਦੇ ਹੋਣਗੇ ਮੈਨੂੰ ਰੋਜ਼ ਦੇਖਣ ਵਾਲੇ। ਰੋਜ਼ ਆ ਜਾਂਦਾ ਹੈ ਸ਼ਰਮ ਨਹੀਂ ਆਂਦੀ।'

'ਨਹੀਂ ਬੇਟਾ ਮੈਂ ਨਹੀਂ ਰਹਾਂਗਾ ਤੁਹਾਡੇ ਕੋਲ। ਤੁਹਾਡੀ ਮਿਹਰਬਾਨੀ। ਮੈਂ ਕੋਈ ਮੰਗਤਾ ਨਹੀਂ ਹਾਂ ਮੈ ਕਿਸੇ ਤੇ ਬੋਝ ਨਹੀਂ ਬਣਨਾ ਚਾਹੁੰਦਾ।'

'ਨਹੀਂ ਬਾਬਾ! ਮੈਂ ਵਿਸ਼ਵਾਸ ਦੁਆਂਦਾ ਹਾਂ, ਤੁਸੀਂ ਸਾਡੇ ਤੇ ਬੋਝ ਨਹੀਂ ਹੋਵੋਗੇ। ਇਹ ਤਾਂ ਸਾਡੀ ਖ਼ੁਸ਼ਕਿਸਮਤੀ ਹੋਵੇਗੀ ਕਿ ਤੁਸੀਂ ਸਾਡੇ ਨਾਲ ਰਹੋ।'

'ਬਸ ਬੇਟਾ ਮੈਨੂੰ ਏਥੇ ਹੀ ਉਤਾਰ ਦਿਓ ਤੇ ਮੈਨੂੰ ਮੇਰੀ ਕਿਸਮਤ ਤੇ ਛੱਡ ਦਿਓ।'

'ਨਹੀਂ ਬਾਬਾ ਇੰਜ ਨਹੀਂ ਹੋਏਗਾ।' 'ਅੱਛਾ ਇਕ ਗਲ ਦਸੋ, ਮੈਂ ਤਾਂ ਤੁਹਾਡਾ ਕੁੱਝ ਵੀ ਨਹੀਂ ਲਗਦਾ ਫਿਰ ਤੁਸੀਂ ਕਿਓਂ ਮੇਰੇ ਤੇ ਇਹ ਮਿਹਰਬਾਨੀ ਕਰਨਾ ਚਾਹੁੰਦੇ ਹੋ।'

'ਸੱਚ ਦਸਾਂ ਬਾਬਾ! ਉਂਞ ਤਾਂ ਸੱਚ ਬੋਲਣਾ ਬੜਾ ਮੁਸ਼ਕਲ ਹੁੰਦਾ ਹੈ ਫਿਰ ਵੀ ਦਸਦਾ ਹਾਂ।'

ਮੈ ਅਪਣੇ ਮਾਂ-ਬਾਪ ਦੀ ਇਕਲੌਤੀ ਸੰਤਾਨ ਹਾਂ। ਅਸੀਂ ਗ਼ਰੀਬ ਸਾਂ। ਮਾਂ-ਬਾਪ ਨੇ ਕੀ ਕੁੱਝ ਨਹੀਂ ਸਿਹਾ, ਕੀ ਨਹੀਂ ਕੀਤਾ ਮੈਨੂੰ ਪਾਲਣ, ਵੱਡਾ ਕਰਨ, ਪੜ੍ਹਾਣ-ਲਿਖਾਣ 'ਚ ਮੇਰਾ ਵਿਆਹ ਕੀਤਾ ਫਿਰ ਬੱਚੇ ਹੋਏ। ਇਕ ਕੁੜੀ ਇਕ ਮੁੰਡਾ। ਪਿਤਾ ਜੀ ਰਿਟਾਇਰ ਹੋਏ, ਮਾਂ ਚਲ ਵਸੀ। ਪਿਤਾ ਜੀ ਨਾਲ ਸਾਡੀ ਖਟਪਟ ਸ਼ੁਰੂ ਹੋਈ ਲੜਾਈ-ਝਗੜਾ ਵਧਣ ਲਗਾ, ਆਂਢੀ-ਗੁਆਂਢੀ ਵੇਖਦੇ। ਅਸੀਂ ਫ਼ੈਸਲਾ ਕੀਤਾ ਕਿ ਪਿਤਾ ਜੀ ਨੂੰ ਬਿਰਧ-ਆਸ਼ਰਮ ਛੱਡ ਆਈਏ ਪਿਤਾ ਜੀ ਨੇ ਵਿਰੋਧ ਨਾ ਕੀਤਾ ਪੈਸੇ ਦੇਣੇ ਪੈਂਦੇ ਸੀ, ਮੇਰੀ ਘਰਵਾਲੀ ਨੂੰ ਚੰਗਾ ਨਹੀਂ ਲੱਗਦਾ ਸੀ। ਇਕ ਦਿਨ ਮੈਂ ਘਰਵਾਲੀ ਨੂੰ ਨਾਲ ਲੈ ਕੇ ਬਿਰਧ-ਆਸ਼ਰਮ ਗਿਆ ਅਤੇ ਪਿਤਾ ਜੀ ਨੂੰ ਨਾਲ ਲੈ ਆਇਆ। ਮੰਗਲਵਾਰ ਦਾ ਦਿਨ ਸੀ। ਕਨਾਟ ਪਲੇਸ ਵਿੱਚ ਹਨੂਮਾਨ ਮੰਦਰ ਹੈ। ਮੰਗਲਵਾਰ ਨੂੰ ਬੜੀ ਭੀੜ ਹੁੰਦੀ ਹੈ, ਭਗਤ ਜਨਾਂ ਦੀ। ਅਸੀਂ ਪਿਤਾ ਜੀ ਨੂੰ ਖੜ੍ਹਾ ਕਰਕੇ ਕਿਹਾ, ਅਸੀਂ ਹੁਣੇ ਆਂਦੇ ਹਾਂ, ਤੁਸੀਂ ਏਥੇ ਹੀ ਰਹਿਣਾ।'

ਅਸੀਂ ਵਾਪਸ ਨਹੀਂ ਗਏ। ਉਨ੍ਹਾਂ ਦਾ ਕੀ ਹੋਇਆ ਰੱਬ ਜਾਣੇ। ਬੜਾ ਭਾਰੀ ਗੁਨਾਹ ਹੋਇਆ। ਜਦੋਂ ਹੋਸ਼ ਆਈ ਤਾਂ ਮੈਂ ਦਿੱਲੀ ਦੇ ਸਾਰੇ ਮੰਦਰਾਂ, ਗੁਰਦੁਆਰਿਆਂ 'ਚ ਜਾਣਾ ਸ਼ੁਰੂ ਕੀਤਾ ਕਿ ਸ਼ਾਇਦ ਕਿਧਰੇ ਮਿਲ ਜਾਣ ਪੁਲਿਸ 'ਚ ਰਿਪੋਰਟ ਵੀ ਕੀਤੀ। ਟੀ.ਵੀ. ਤੇ ਫੋਟੋ ਸਮੇਤ ਖ਼ਬਰ ਵੀ ਦਿੱਤੀ ਪਰ ਕਿਧਰੇ ਕੁੱਝ ਪਤਾ ਨਾ ਚਲਿਆ ਅਜ ਲਗਭਗ ਅੱਠ ਸਾਲ ਹੋ ਗਏ ਹਨ ਇਸ ਗਲ ਨੂੰ। ਅਪਣੇ ਕੀਤੇ ਉੱਪਰ ਬੜਾ ਪਛਤਾਵਾ ਹੈ ਅੱਜ ਤੁਹਾਨੂੰ ਮਿਲ ਕੇ ਤੁਹਾਡੇ ਵਿੱਚੋਂ ਅਪਣੇ ਪਿਤਾ ਜੀ ਦਿੱਸੇ, ਸ਼ਾਇਦ ਇਸ ਨਾਲ ਕੁੱਝ ਪਸ਼ਚਾਤਾਪ ਹੋ ਸਕੇ। ਬਸ ਇਹੀ ਗਲ ਹੈ। ਬਾਬਾ ਨੇ ਕੁੱਝ ਸੋਚਿਆ, ਫਿਰ ਬੋਲੇ, 'ਠੀਕ ਹੈ ਮੈਂ ਚਲਦਾ ਹਾਂ ਤੁਹਾਡੇ ਨਾਲ।'

ਰਾਤ ਨੂੰ ਸਾਰੀ ਕਹਾਣੀ ਘਰਵਾਲੀ ਨੂੰ ਸੁਣਾਈ, ਨਾਲ ਹੀ ਇਹ ਵੀ ਕਹਿ ਦਿੱਤਾ ਬਜ਼ੁਰਗ ਨੇ, ਸਾਨੂੰ ਸਾਰਿਆਂ ਨੂੰ ਇਨ੍ਹਾਂ ਦੀ ਇਜ਼ਤ ਕਰਨੀ ਹੈ। ਖ਼ਿਆਲ ਰਹੇ ਇਸ ਗਲ ਦਾ।'

ਘਰ ਵਾਲੀ ਬੋਲੀ, ਚੰਗਾ ਕੀਤਾ, ਪ੍ਰਭੂ ਦੀ ਲੀਲਾ ਦਾ ਅੰਤ ਨਹੀਂ। ਦਾਲ-ਰੋਟੀ ਖਾਏਗਾ ਲੇਕਿਨ ਘਰ ਦੀ ਚੌਕੀਦਾਰੀ ਕਰੇਗਾ। ਬੱਚਿਆਂ ਦੀ ਦੇਖ-ਭਾਲ ਵੀ ਕਰੇਗਾ, ਆਖ਼ਰ ਨੌਕਰ ਤਾਂ ਚਾਹੀਦਾ ਸੀ, ਘਰ ਵਿੱਚ 'ਮੁਫ਼ਤ ਦਾ ਸੇਵਕ'।

## BABA MAKHAN SHAH LOBANA FOUNDATION (Regd.)

**BHAI NADU SHAH LOBANA MISSIONARY DENTAL CLINIC**

**SECTOR-30A, CHANDIGARH PH:01722972340, 7347065188**

**Email:lobanafoundation@gmail.com**



**Timings - 9AM - 1PM (MON-FRI)**

**Consultation Fees - Rs.20/-**

### TREATMENTS OFFERED

- ROOT CANAL TREATMENT
- TOOTH COLOURED FILLING
- DENTAL IMPLANTS
- SCALING AND POLISHING
- TEETH WHITENING
- PAINLESS EXTRACTIONS
- WISDOM TOOTH REMOVAL
- TOOTH CAPPING AND FIXED TEETH REPLACEMENT
- DENTURES
- TRAUMATIC INJURIES DENTAL

*"EVERY TOOTH IN A MAN'S MOUTH IS MORE VALUABLE THAN A DIAMOND."*

DR AMRIT KAUR PELIA BDS,MDS
ORAL & MAXILLOFACIAL SURGEON
MEMBER OF AOMSI

# ਯੂ.ਪੀ. ਚੋਣਾਂ ਬਦਲਣਗੀਆਂ 2024 ਦੇ ਚੋਣ ਸਮੀਕਰਨ?

ਦੇਸ਼ ਵਿਚ ਇਸ ਸਮੇਂ ਪੰਜ ਰਾਜਾਂ 'ਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਨਤੀਜੇ 10 ਮਾਰਚ 2022 ਨੂੰ ਆਉਣੇ ਹਨ। ਯੂ.ਪੀ. ਵਿਧਾਨ ਸਭਾ ਇਹਨਾਂ ਸਾਰੀਆਂ ਵਿਧਾਨ ਸਭਾਵਾਂ ਵਿਚੋਂ ਵੱਡੀ ਹੈ। ਇਸ ਲਈ ਯੂ.ਪੀ. 'ਚ ਵਿਧਾਨ ਸਭਾ ਚੋਣਾਂ 'ਚ ਜਿੱਤ ਦਾ ਵੱਡਾ ਮਹੱਤਵ ਹੈ। ਕਿਉਂਕਿ ਵੱਡ-ਅਕਾਰੀ ਵਿਧਾਨ ਸਭਾ ਦੇ ਕੁਲ 403 ਮੈਂਬਰ ਹਨ ਅਤੇ ਯੂ.ਪੀ. ਦੇਸ਼ ਵਿਚ ਇਸੇ ਵਰ੍ਹੇ ਆਉਣ ਵਾਲੀਆਂ ਰਾਜ ਸਭਾ ਚੋਣਾਂ, ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਚੋਣਾਂ ਨੂੰ ਪ੍ਰਭਾਵਤ ਕਰੇਗਾ। ਇਸ ਚੋਣ ਦਾ ਵੱਡਾ ਮਹੱਤਵ ਇਹ ਵੀ ਹੈ ਕਿ ਸਾਲ 2024 'ਚ ਦੇਸ਼ ਦੀਆਂ ਜੋ ਲੋਕ ਸਭਾ ਚੋਣਾਂ ਹੋਣੀਆਂ ਹਨ, ਉਸ ਲਈ ਸੰਭਾਵਤ ਇਹ ਤਹਿ ਕਰੇਗਾ ਕਿ ਹੁਣ ਵਾਲੇ ਹਾਕਮ ਅੱਗੋਂ ਹਾਕਮ ਬਨਣਗੇ ਕਿ ਨਹੀਂ।




ਯੂ.ਪੀ. 'ਚ ਭਾਜਪਾ ਰਾਜ ਕਰ ਰਹੀ ਹੈ। ਅਦਿਤਿਆਨਾਥ ਯੋਗੀ ਪਿਛਲੇ ਪੰਜ ਵਰ੍ਹਿਆਂ ਤੋਂ ਮੁੱਖ ਮੰਤਰੀ ਹਨ। ਉਹ ਇਸ ਸਮਿਆਂ ਦੇ ਬਹੁਤ ਹੀ ਚਰਚਿਤ ਸਿਆਸਤਦਾਨ ਹਨ, ਜਿਹਨਾਂ ਦੇ ਰਾਜ ਵਿਚ ਪੁਲਿਸ ਨੂੰ ਪੂਰੀ ਖੁਲ੍ਹ ਤਾਂ ਮਿਲੀ ਹੈ, ਨਾਲ ਸੂਬੇ 'ਚ ਘੱਟ ਗਿਣਤੀ ਫਿਰਕਿਆਂ ਦਾ ਸਾਹ ਲੈਣਾ ਵੀ ਔਖਾ ਦੱਸੀਦਾ ਹੈ। ਇਹਨਾਂ ਪੰਜ ਵਰ੍ਹਿਆਂ 'ਚ ਇਸ ਸੂਬੇ 'ਚ ਉਹ ਕੁਝ ਵਾਪਰਿਆ ਹੈ, ਜੋ ਸ਼ਾਇਦ ਭਾਰਤ ਵਰਗੇ ਧਰਮ-ਨਿਰਪੱਖ ਗਣਤੰਤਰ ਵਿਚ ਕਿਵੇਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਸੂਬੇ 'ਚ ਪੁਲਿਸ ਮੁਠਭੇੜ 'ਚ ਮਾਰੇ ਜਾਣ ਵਾਲਿਆਂ ਦੀ ਗਿਣਤੀ ਵਧਣਾ, ਕੀ ਪਹਿਨਣਾ ਹੈ, ਕੀ ਖਾਣਾ ਹੈ, ਬਾਰੇ ਸੂਬੇ 'ਚ ਪ੍ਰਸ਼ਨ ਉਠਣਾ ਅਤੇ ਆਪਣੇ ਵਿਰੋਧੀਆਂ ਭਾਵੇਂ ਉਹ ਯੋਗੀ ਜੀ ਦੀ ਆਪਣੀ ਪਾਰਟੀ ਦੇ ਹੋਣ ਜਾਂ ਵਿਰੋਧੀ ਪਾਰਟੀਆਂ ਦੇ, ਨੂੰ ਖੂੰਜੇ ਲਗਾਉਣਾ, ਯੂ.ਪੀ. 'ਚ ਅਦਿਤਯਾਨਾਥ ਯੋਗੀ ਦੀ ਕਾਰਗੁਜ਼ਾਰੀ ਰਹੀ ਹੈ।


**ਗੁਰਮੀਤ ਸਿੰਘ ਪਲਾਹੀ**

**98158-02070**




ਕਹਿਣ ਨੂੰ ਤਾਂ ਸੂਬੇ ਦੇ ਵਿਕਾਸ 'ਚ ਵੱਡੇ ਪ੍ਰਾਜੈਕਟ ਚਾਲੂ ਕਰਨ ਤੇ ਨੇਪਰੇ ਚਾੜ੍ਹਨ ਦੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ ਹਨ। ਪਰ ਜ਼ਮੀਨੀ ਪੱਧਰ ਉੱਤੇ ਵਿਕਾਸ ਨਹੀਂ ਹੋਇਆ।

ਯੂ.ਪੀ. ਬੇਰੁਜ਼ਗਾਰੀ ਅੰਤਾਂ 'ਤੇ ਹੈ। ਦੇਸ਼ ਭਰ 'ਚ ਯੂ.ਪੀ. ਸਮੇਤ ਬੇਰੁਜ਼ਗਾਰੀ ਕਾਰਨ ਹਾਲਾਤ ਇਹ ਹਨ ਕਿ ਬੱਚੇ ਨੂੰ ਸਕੂਲ ਭੇਜਣਾ ਹੈ, ਪੈਸਾ ਨਹੀਂ ਹੈ, ਬੇਟੀ ਦਾ ਵਿਆਹ ਕਰਨਾ ਹੈ, ਪੈਸਾ ਨਹੀਂ ਹੈ, ਦਵਾਈ-ਇਲਾਜ ਕਰਵਾਉਣਾ ਹੈ ਤਾਂ ਪੈਸਾ ਨਹੀਂ ਹੈ। ਇਹੋ ਜਿਹੇ ਹਾਲਾਤ ਵਿਚ ਆਮ ਆਦਮੀ ਦੇ ਹਾਲਾਤ ਬਹੁਤ ਮਾੜੇ ਹਨ। ਸਰਕਾਰ ਨੇ ਦੇਸ਼ ਵਿਚ ਭੋਜਨ ਸੁਰੱਖਿਆ ਦੇ ਨਾਂ ਉੱਤੇ ਇਹੋ ਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਲੱਖਾਂ ਦੀ ਤਦਾਦ ਵਿਚ ਖੋਲ੍ਹੀਆਂ ਸਰਕਾਰੀ ਸਸਤੇ ਭਾਅ ਦੀਆਂ ਦੁਕਾਨਾਂ ਵੱਲ ਲੋਕ ਦੌੜਦੇ ਹਨ। ਇਕ ਇਕ ਚਮਚ ਤੇਲ-ਚੀਨੀ, ਇਕ ਕੱਪ ਦਾਲ ਚਾਵਲ, ਇਕ ਅੱਧਾ ਕਿਲੋ ਆਲੂ ਤੱਕ ਲਈ ਔਰਤਾਂ ਇਕ ਦੂਜੇ ਨਾਲ ਲੜਦੀਆਂ ਹਨ। ਇਹ ਹਾਲ ਦੇਸ਼ ਦੇ 80ਫੀਸਦੀ ਘਰਾਂ ਦਾ ਹੈ। ਯੂ.ਪੀ. ਇਸ ਤੋਂ ਵੱਖਰਾ ਨਹੀਂ ਹੈ, ਜਿਥੇ ਚੋਣਾਂ 'ਚ ਰਿਆਇਤਾਂ ਦੀ ਰਾਜਨੀਤੀ ਦੀ ਛਹਿਬਰ ਲਾਈ ਗਈ ਹੈ।

**ਯੂ.ਪੀ. ਦਾ ਸਿਆਸੀ ਦ੍ਰਿਸ਼** - ਯੂ.ਪੀ. ਵਿਧਾਨ ਸਭਾ ਚੋਣਾਂ 'ਚ ਸਿਆਸੀ ਦ੍ਰਿਸ਼ ਬਹੁਤ ਹੀ ਰੌਚਕ ਹੈ। ਇਕ ਪਾਸੇ ਭਾਜਪਾ ਤੇ ਉਸ ਦੇ ਜੋਟੀਦਾਰ ਹਨ, ਦੂਜੇ ਪਾਸੇ ਸਮਾਜਵਾਦੀ ਪਾਰਟੀ ਹੈ ਅਤੇ ਤੀਜੀ ਧਿਰ ਬਹੁਜਨ ਸਮਾਜ ਪਾਰਟੀ ਹੈ। ਇਹ ਤਿੰਨੋ ਦਾਅਵੇਦਾਰ ਆਪੋ ਆਪਣੀ ਸਰਕਾਰ ਦੇ ਗਠਨ ਲਈ ਤਤਪਰ ਦਿਸਦੇ ਹਨ।

ਦੇਸ਼ ਵਿਚ ਕਿਸਾਨ ਅੰਦੋਲਨ ਤੋਂ ਪਹਿਲਾਂ ਭਾਜਪਾ ਦੀ ਜਿੱਤ ਵਿਧਾਨ ਸਭਾ 2022 ਚੋਣਾਂ 'ਚ ਸਾਫ਼ ਦਿਖਾਈ ਦਿੰਦੀ ਸੀ। ਕਿਉਂਕਿ ਯੋਗੀ ਸਰਕਾਰ ਦਾ ਸੂਬੇ 'ਚ ਪ੍ਰਭਾਵ ਇਹੋ ਜਿਹਾ ਸੀ ਕਿ ਕੋਈ ਵੀ ਸਿਆਸੀ ਧਿਰ ਉਸ ਦੇ ਵਿਰੋਧ ਵਿਚ ਖੁਲ੍ਹ ਕੇ ਗੱਲ ਨਹੀਂ ਸੀ ਕਰਦੀ। ਪਰ ਕਿਸਾਨ ਅੰਦੋਲਨ ਨੇ ਜਿਥੇ ਕੇਂਦਰੀ ਹਾਕਮਾਂ ਨੂੰ ਝੁਕਾਇਆ, ਉਥੇ ਇਸਦਾ ਪ੍ਰਭਾਵ ਹਰਿਆਣਾ ਅਤੇ ਯੂ.ਪੀ. ਵਿਚ ਵੀ ਵਿਆਪਕ ਵੇਖਣ ਨੂੰ ਮਿਲਿਆ। ਪੱਛਮੀ ਯੂ.ਪੀ. 'ਚ ਤਾਂ ਕਿਸਾਨ ਅੰਦੋਲਨ ਨੇ ਵੱਡਾ ਪ੍ਰਭਾਵ ਪਾਇਆ। ਹਿੰਦੂ, ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕ ਅੰਦੋਲਨ ਲਈ ਇਕੱਠੇ ਹੋਏ ਜਾਟ ਭਾਈਚਾਰੇ ਦੀਆਂ ਵੋਟਾਂ ਦਾ ਸਮੂਹ ਜਿਹੜਾ ਭਾਜਪਾ ਲਈ ਭੁਗਤਦਾ ਰਿਹਾ ਸੀ ਅਤੇ

ਜਿਹੜਾ ਫਿਰਕੂ ਪ੍ਰਭਾਵ ਵਿਚ ਸੀ, ਉਹ ਇਕੱਠਾ ਹੋ ਗਿਆ। ਭਾਜਪਾ ਦੇ ਵਿਰੁੱਧ ਹੋ ਗਿਆ ਹੈ। ਅਸਲ ਵਿਚ ਕਿਸਾਨ ਅੰਦੋਲਨ ਨੇ ਦੇਸ਼ ਦੇ ਵੱਡੇ ਹਿੱਸੇ 'ਚ ਭਾਜਪਾ ਵਿਰੁੱਧ ਇਕ ਵੱਡਾ ਰੋਸ ਪੈਦਾ ਕੀਤਾ ਹੈ। ਇਸ ਨਾਲ ਭਾਜਪਾ ਨੂੰ ਸਖ਼ਤ ਚੁਣੌਤੀ ਇਹਨਾਂ ਚੋਣਾਂ 'ਚ ਮਿਲ ਰਹੀ ਹੈ।

ਪ੍ਰਸਿੱਧ ਰਾਜਨੀਤਕ ਵਿਸ਼ੇਸ਼ਗ ਅਭੈ ਕੁਮਾਰ ਦੂਬੇ ਦੇ ਸ਼ਬਦਾਂ 'ਚ, "ਭਾਜਪਾ ਦੇ ਰਣਨੀਤੀਕਾਰਾਂ ਦਾ ਵਿਚਾਰ ਸੀ ਕਿ ਪੱਛਮ ਦੇ ਕਿਸਾਨ ਅੰਦੋਲਨ ਨਾਲ ਜੋ ਨੁਕਸਾਨ ਹੋਵੇਗਾ, ਉਸਨੂੰ ਉਹ ਅਵਧ, ਬੁਦੇਲਖੰਡ ਅਤੇ ਪੂਰਬੀ ਉੱਤਰ ਪ੍ਰਦੇਸ਼ 'ਚ ਆਪਣੇ ਜਾਰੀ ਦਬਦਬੇ ਨਾਲ ਪੂਰਾ ਕਰ ਲੈਣਗੇ ਪਰ ਭਾਜਪਾ ਲਈ ਇਹ ਅਸਾਨ ਨਹੀਂ।

ਅਸਲ ਵਿਚ ਉੱਤਰ ਪ੍ਰਦੇਸ਼ ਵਿਚ ਚੋਣ ਦੰਗਲ ਬਹੁਤ ਫਸਵਾਂ ਹੈ। ਭਾਜਪਾ ਲਈ ਇਹ ਜਿੱਤਣਾ ਹੁਣ ਸੌਖਾ ਨਹੀਂ ਰਿਹਾ। ਭਾਜਪਾ ਨੂੰ ਇਕ ਪਾਸਿਉਂ ਸਮਾਜਵਾਦੀ ਪਾਰਟੀ ਘੇਰ ਰਹੀ ਹੈ, ਦੂਜੇ ਪਾਸੇ ਬਹੁਜਨ ਸਮਾਜ ਪਾਰਟੀ ਨੇ ਘੇਰਾ ਪਾਇਆ ਹੋਇਆ ਹੈ। ਕਾਂਗਰਸ ਵੀ ਪ੍ਰਿਅੰਕਾ ਗਾਂਧੀ ਦੀ ਦੇਖ-ਰੇਖ 'ਚ ਆਪਣਾ ਅਧਾਰ ਲੱਭਣ ਲਈ ਯੂ.ਪੀ. 'ਚ ਯਤਨ ਕਰ ਰਹੀ ਹੈ।

ਉਂਜ ਵੀ ਜਿਹੜਾ ਪ੍ਰਭਾਵ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦਾ ਲੋਕਾਂ ਦੇ ਮਨਾਂ 'ਚ ਬਣਿਆ ਸੀ, ਉਹ ਧੁੰਧਲਾ ਪੈ ਰਿਹਾ ਹੈ। ਰੁਜ਼ਗਾਰ ਵਧ ਨਹੀਂ ਰਿਹਾ, ਗਰੀਬੀ ਹੋਰ ਪੈਰ ਪਸਾਰ ਰਹੀ ਹੈ। ਕੁ-ਪ੍ਰਬੰਧਨ ਅਤੇ ਭ੍ਰਿਸ਼ਟਾਚਾਰ ਨੇ ਲੋਕਾਂ ਦਾ ਮੋਦੀ ਸਰਕਾਰ ਤੋਂ ਮੋਹ ਭੰਗ ਕੀਤਾ ਹੈ। ਕਰੋਨਾ ਮਹਾਂਮਾਰੀ 'ਚ ਜੋ ਦੁਰਦਸ਼ਾ ਹੋਈ ਹੈ ਲੋਕਾਂ ਦੀ, ਉਸ ਨਾਲ ਕੇਂਦਰੀ ਅਤੇ ਰਾਜ ਸਰਕਾਰਾਂ ਕਟਿਹਰੇ 'ਚ ਖੜ੍ਹੀਆਂ ਦਿਸਦੀਆਂ। ਯੂ.ਪੀ. 'ਚ ਗੰਗਾ ਨਦੀ ਕੰਢੇ ਕਰੋਨਾ ਕਾਰਨ ਮਰੇ ਲੋਕਾਂ ਦੀਆਂ ਲਾਸ਼ਾਂ ਦਾ ਵੇਖਿਆ ਜਾਣਾ ਅਤੇ ਹਸਪਤਾਲਾਂ 'ਚ ਡਾਕਟਰਾਂ ਤੇ ਦਵਾਈਆਂ ਆਕਸਜੀਨ ਦੀ ਥੁੜ ਕਾਰਨ ਲੋਕਾਂ ਦਾ ਸਰਕਾਰ ਤੋਂ ਵਿਸ਼ਵਾਸ਼ ਡਗਮਗਾਇਆ ਹੈ। ਇਸ ਦਾ ਪ੍ਰਭਾਵ ਚੋਣਾਂ 'ਚ ਪੈਣਾ ਲਾਜ਼ਮੀ ਹੈ।

ਭਾਜਪਾ ਜਿਹੜੀ ਯੂ.ਪੀ. 'ਚ ਅਜੈਤੂ ਰੱਥ ਲੈ ਕੇ ਅੱਗੇ ਵਧਦੀ ਰਹੀ ਹੈ, ਸਿਆਸੀ ਮਾਹਿਰਾਂ ਅਨੁਸਾਰ ਉਸਨੂੰ ਵੱਡੀ ਹਾਰ ਦਾ ਸਾਹਮਣਾ ਇਸ ਵੇਰ ਕਰਨਾ ਪੈ ਸਕਦਾ ਹੈ।

ਯੂ.ਪੀ. ਵਿਧਾਨ ਸਭਾ 2017 ਚੋਣਾਂ 'ਚ 312 ਸੀਟਾਂ, ਬੀ.ਐਸ.ਪੀ. 19 ਸੀਟਾਂ ਅਤੇ ਸਮਾਜਵਾਦੀ ਪਾਰਟੀ 47 ਸੀਟਾਂ ਜਿੱਤੀ ਸੀ। ਸਾਲ 2012 'ਚ ਭਾਜਪਾ 224 ਸੀਟਾਂ ਜਿੱਤ ਕੇ ਤਾਕਤ ਵਿਚ ਆਈ ਸੀ ਅਤੇ ਇਸੇ ਦੇ ਬਲਬੂਤੇ 2014 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਸਰਕਾਰ ਲਈ ਰਾਹ ਪੱਧਰਾ ਹੋਇਆ ਸੀ, ਕਿਉਂਕਿ ਕਿਹਾ ਇਹ ਹੀ ਜਾਂਦਾ ਰਿਹਾ ਹੈ ਕਿ ਯੂ.ਪੀ. ਹੀ ਦੇਸ਼ ਦੇ ਹਾਕਮਾਂ ਦਾ ਰਾਹ ਪੱਧਰਾ ਕਰਦਾ ਹੈ ਅਤੇ ਇਹੋ ਰਾਹ ਹਾਕਮਾਂ ਲਈ ਔਝੜਾ ਵੀ ਪੈਂਦਾ ਹੈ।

ਉੱਤਰ ਪ੍ਰਦੇਸ਼ ਅਬਾਦੀ ਦੇ ਲਿਹਾਜ ਨਾਲ ਭਾਰਤ ਦਾ ਸਭ ਤੋਂ ਵੱਡਾ ਸੂਬਾ ਹੈ ਭਾਵੇਂ ਕਿ ਖੇਤਰਫਲ ਦੇ ਹਿਸਾਬ ਨਾਲ ਇਹ ਚੌਥੇ ਦਰਜੇ ਤੇ ਹੈ। ਸਾਲ 2022 ਦੀਆਂ 403 ਸੀਟਾਂ ਲਈ ਛੋਟੀਆਂ-ਵੱਡੀਆਂ 223 ਸਿਆਸੀ ਪਾਰਟੀਆਂ ਚੋਣਾਂ ਲੜ ਰਹੀਆਂ ਹਨ, ਜਿਹਨਾਂ 'ਚ ਮੁੱਖ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ, ਭਾਰਤੀ ਜਨਤਾ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਰਾਸ਼ਟਰੀ ਲੋਕ ਦਲ ਮੁੱਖ ਹਨ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਚੰਗੇ ਸੀ ਪਹਿਲਾਂ ਘਰਾਂ ਵਿੱਚ ਹੋਣ ਵਾਲੇ ਵਿਆਹ

**ਪ੍ਰੇਮ ਸਰੂਪ ਛਾਜਲੀ**

ਪਿਛਲੇ ਸਮਿਆਂ ਵਿੱਚ ਵਿਆਹ ਵਾਲੇ ਘਰ ਕਈ ਦਿਨ ਰੌਣਕ ਰਹਿੰਦੀ ਸੀ। ਸਾਰੇ ਰਿਸ਼ਤੇਦਾਰਾਂ ਨੂੰ ਸੱਦੇ ਭੇਜੇ ਜਾਂਦੇ ਸਨ। ਵਿਆਹ ਤੋਂ ਪਹਿਲਾਂ ਆਂਢ-ਗੁਆਂਢ ਵਾਲੇ ਵਿਆਹ ਵਾਲੇ ਪਰਿਵਾਰ ਨੂੰ ਮਾਂਜੜਾ [ਰਾਤ ਦਾ ਖਾਣਾ] ਭੇਜਦੇ ਸਨ। ਫਿਰ ਸ਼ਰੀਕੇ ਦੀਆਂ ਔਰਤਾਂ ਵਿਆਹ ਵਾਲੇ ਘਰ ਸੁਹਾਗ ਦੇ ਗੀਤ ਗਾਉਂਦੀਆਂ ਸਨ। ਵਿਆਹ ਤੋਂ ਇਕ ਦਿਨ ਪਹਿਲਾਂ ਮੇਲ ਆ ਜਾਂਦਾ ਸੀ। ਦਾਦਕੀਆਂ-ਨਾਨਕੀਆਂ ਖੂਬ ਹਾਸਾ ਠੱਠਾ ਕਰਕੇ ਵਿਆਹ ਦੀਆਂ ਖੁਸ਼ੀਆਂ ਸਾਂਝੀਆਂ ਕਰਦੀਆਂ ਸਨ। ਘਰ ਵਿੱਚ ਹੀ ਫੇਰੇ ਕਰਕੇ ਸ਼ਰੀਕੇ ਦੇ ਸਾਰੇ ਨੌਜਵਾਨ ਖੁਸ਼ੀ ਖੁਸ਼ੀ ਜੰਞ ਦੀ ਸੇਵਾ ਕਰਦੇ ਸਨ। ਮੰਜਿਆਂ 'ਤੇ ਟੰਗਿਆ ਸਪੀਕਰ ਵਿਆਹ ਤੋਂ ਪਹਿਲਾਂ ਤੇ ਪਿੱਛੋਂ ਵਜਦਾ ਰਹਿੰਦਾ ਸੀ। ਦੂਰੋਂ ਆਏ ਰਿਸ਼ਤੇਦਾਰ ਨੂੰ ਪੁੱਛਣ ਦੀ ਲੋੜ ਵੀ ਨਹੀਂ ਪੈਂਦੀ ਸੀ ਕਿ ਵਿਆਹ ਵਾਲਿਆਂ ਦਾ ਘਰ ਕਿੱਥੇ ਹੋਵੇਗਾ।



ਪਹਿਲਾਂ ਜੇ ਕਿਸੇ ਦੇ ਘਰ ਵਿਆਹ ਹੋਣਾ ਤਾਂ ਸਾਰੇ ਸ਼ਰੀਕੇ ਨੇ ਉਸ ਨੂੰ ਆਪਣਾ ਨਿੱਜੀ ਪ੍ਰੋਗਰਾਮ ਮੰਨ ਕੇ ਆਪੋ-ਆਪਣੀ ਸਮਰੱਥਾ ਮੁਤਾਬਕ ਯੋਗਦਾਨ ਦੇਣਾ। ਵਿਆਹ ਤੋਂ ਤਿੰਨ-ਚਾਰ ਦਿਨ ਪਹਿਲਾਂ ਗੁਆਂਢੀਆਂ ਤੇ ਰਿਸ਼ਤੇਦਾਰਾਂ ਨੇ ਵਿਆਹ ਦੇ ਕੰਮਾਂ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦੇਣਾ। ਗੀਤਾਂ ਦੀਆਂ ਲੰਮੀਆਂ ਹੇਕਾਂ ਮਾਹੌਲ ਨੂੰ ਖੂਬਸੂਰਤ ਬਣਾ ਦਿੰਦੀਆਂ ਸਨ। ਤਰੱਕੀ ਦੀਆਂ ਬਰੂਹਾਂ ਵੱਲ ਵਧਣ ਨਾਲ ਸਭ ਤੋਂ ਪਹਿਲਾਂ ਜਿਸ ਰਸਮੋ-ਰਿਵਾਜ਼ ਨੂੰ ਖੋਰਾ ਲੱਗਿਆ, ਉਹ ਸੀ ਵਿਆਹ।


ਪਹਿਲਾਂ ਹੁੰਦੇ ਵਿਆਹ ਵਧੀਆ ਸਨ ਕਿਉਂਕਿ ਉਨ੍ਹਾਂ ਵਿੱਚ ਆਪਸੀ ਪਿਆਰ ਅਤੇ ਖੁਸ਼ੀ ਦੀ ਭਾਵਨਾ ਨਜ਼ਰ ਆਉਂਦੀ ਸੀ।

ਘਰਾਂ ਵਾਲੇ ਵਿਆਹ ਚੰਗੇ ਸੀ। ਵਿਆਹ ਵਾਲੇ ਘਰਾਂ 'ਚ ਕਈ ਦਿਨ ਰੌਣਕ ਰਹਿੰਦੀ ਸੀ। ਕਈ ਦਿਨ ਪਹਿਲਾਂ ਗੀਤ ਗਾਏ ਜਾਂਦੇ ਸੀ। ਕੁੜੀਆਂ, ਔਰਤਾਂ ਬਰਾਤੀਆਂ ਨੂੰ ਸਿੱਠਣੀਆਂ ਦਿੰਦੀਆਂ। ਹਾਸਾ ਮਜ਼ਾਕ ਸਾਰਾ ਦਿਨ ਚਲਦਾ ਰਹਿੰਦਾ ਸੀ। ਅਨੰਦ ਕਾਰਜ ਵੀ ਘਰ 'ਚ ਹੀ ਹੁੰਦੇ। ਵਿਆਹ ਵਾਲੇ ਘਰ ਕਈ ਦਿਨ ਪਹਿਲਾਂ ਰੌਣਕਾਂ ਲੱਗ ਜਾਂਦੀਆਂ ਸਨ। ਘਰਾਂ ਵਿਚ ਹਲਵਾਈ ਸੱਦ ਕੇ ਖੁਦ ਆਪਣੇ ਹੱਥੀਂ ਮਠਿਆਈ ਤਿਆਰ ਕਰਵਾਈ ਜਾਂਦੀ ਸੀ। ਵਿਆਹ ਵਾਲੇ ਘਰ ਪਿੰਡ ਦੇ ਲੋਕ ਇਕੱਠੇ ਹੋ ਕੇ ਕੰਮ ਕਰਦੇ ਜਿਸ ਨਾਲ ਭਾਈਚਾਰਕ ਸਾਂਝ ਬਣਦੀ ਸੀ। ਕੋਈ ਸਮਾਂ ਸੀ ਜਦੋਂ ਇਕ ਘਰ ਦਾ ਵਿਆਹ ਪੂਰੇ ਪਿੰਡ ਦਾ ਵਿਆਹ ਸਮਝਿਆ ਜਾਂਦਾ ਸੀ। ਵਿਆਹ ਵੀ ਪੂਰਾ ਹਫਤਾ ਚੱਲਦਾ ਸੀ, ਪਰ ਅੱਜ ਦਾ ਵਿਆਹ ਸਿਰਫ ਚਾਰ ਘੰਟਿਆਂ ਦਾ ਹੋ ਕੇ ਰਹਿ ਗਿਆ ਹੈ। ਪੈਲੇਸ ਸੱਭਿਆਚਾਰ ਨੇ ਜਿੱਥੇ ਵਿਆਹ ਵਿਚ ਸ਼ੋਰ-ਸ਼ਰਾਬਾ ਵਧਾਇਆ ਹੈ, ਉਥੇ ਆਰਥਿਕ ਪੱਖੋਂ ਵੀ ਢਾਹ ਲਾਈ ਹੈ। ਘਰਾਂ ਵਿਚ ਹੁੰਦੇ ਵਿਆਹਾਂ ਵਿਚ ਰਿਸ਼ਤੇਦਾਰ ਰਲ-ਮਿਲ ਕੇ ਵਿਆਹ ਦਾ ਕੰਮ ਨਿਬੇੜਦੇ ਤੇ ਆਪਸੀ ਦੁੱਖ-ਸੁੱਖ ਸਾਂਝੇ ਕਰਦੇ ਸਨ। ਇਸ ਨਾਲ ਆਪਸੀ ਭਾਈਚਾਰਕ ਸਾਂਝ ਵਧਦੀ ਸੀ। ਨਾਨਕਾ ਮੇਲ ਵੀ ਪਿੰਡ ਦੀ ਜੂਹ ਵਿਚ ਵੜਨ ਵੇਲੇ ਪਹਿਲਾਂ ਵਾਂਗ ਬੰਬੀਹਾ ਨਹੀਂ ਬੁਲਾਉਂਦਾ ਹੈ। ਅਸਲੀ ਪਹਿਰਾਵੇ, ਰਹੁ-ਰੀਤਾਂ, ਹਾਸੇ-ਮਖੌਲ, ਪਕਵਾਨ, ਸਾਦਗੀ, ਪ੍ਰੇਮ, ਰਿਸ਼ਤੇ-ਨਾਤੇ, ਨਿਹੋਰੇ, ਲੋਕ ਕਲਾਵਾਂ ਤੇ ਕਈ ਹੋਰ ਵੰਨਗੀਆਂ ਆਪਣੀ ਵਿਸ਼ੇਸ਼ ਥਾਂ ਰੱਖਦੇ ਸਨ। ਜੇ ਕੋਈ ਸਰਦਾ-ਪੁੱਜਦਾ ਪਰਿਵਾਰ ਕਿਸੇ ਲੋਕ ਗਾਇਕ ਨੂੰ ਵਿਆਹ 'ਤੇ ਬੁਲਾ ਲੈਂਦਾ ਤਾਂ ਆਸ-ਪਾਸ ਦੇ ਪਿੰਡਾਂ ਦੇ ਲੋਕ ਅਖਾੜਾ ਸੁਣਨ ਲਈ ਟੋਲੀਆਂ ਦੇ ਰੂਪ ਵਿਚ ਪਹੁੰਚ ਜਾਂਦੇ ਸਨ।

ਪਹਿਲਾਂ ਘਰਾਂ ਵਿਚ ਜਿਹੜੇ ਵਿਆਹ ਹੁੰਦੇ ਸਨ, ਉਨ੍ਹਾਂ ਵਿਚ ਸੱਭਿਆਚਾਰ ਦੀਆਂ ਬਹੁਤ ਸਾਰੀਆਂ ਝਲਕੀਆਂ ਵੇਖਣ ਨੂੰ ਮਿਲਦੀਆਂ ਸਨ। ਉਦੋਂ ਬਰਾਤ ਵੀ ਕਈ ਦਿਨ ਰਹਿੰਦੀ ਸੀ। ਅੱਜ ਵਾਲੇ ਪਕਵਾਨ ਨਹੀਂ ਸਨ, ਜਿਸ ਕਾਰਨ ਬਰਾਤ ਸੰਭਾਲਣ ਦਾ ਬਹੁਤਾ ਖਰਚਾ ਨਹੀਂ ਹੁੰਦਾ ਸੀ, ਪਰ ਅੱਜ ਤਾਂ ਕੁਝ ਘੰਟਿਆਂ 'ਚ ਹੀ ਬਹੁਤ ਸਾਰਾ ਖਰਚਾ ਹੋ ਜਾਂਦਾ ਹੈ। ਵਿਆਹ 'ਚ ਕੜਾਹੀ ਚੜ੍ਹਨ 'ਤੇ ਘਰ ਵਿਚ ਭੈਣ-ਭਰਾਵਾਂ ਦਾ ਇਕੱਠ ਹੀ ਘਰ ਵਾਲਿਆਂ ਦੇ ਚੰਗੇ ਵਿਹਾਰ ਦੀ ਨਿਸ਼ਾਨੀ ਸੀ। ਜੋ ਵਿਆਹ ਪਹਿਲਾਂ ਘਰਾਂ ਵਿਚ ਹੁੰਦੇ ਸੀ, ਉਨ੍ਹਾਂ ਵਿੱਚੋਂ ਸਾਦਗੀ ਤੇ ਅਪਣੱਤ ਬਹੁਤ ਸੀ। ਰੌਲਾ-ਰੱਪਾ ਨਹੀਂ ਸੀ। ਸਿਰਫ ਰੀਤੀ-ਰਿਵਾਜ਼ਾਂ ਦਾ ਬੋਲਬਾਲਾ ਸੀ।



# ਨੌਰਵੇ ਦਾ ਖ਼ੂਬਸੂਰਤ ਸ਼ਹਿਰ ਕੌਂਗਸਬਰਗ (ਸਿਲਵਰ ਸਿਟੀ)



ਭਵਨਦੀਪ ਸਿੰਘ

ਕੌਂਗਸਬਰਗ, ਨੌਰਵੇ ਦਾ ਖ਼ੂਬਸੂਰਤ ਸ਼ਹਿਰ ਹੈ। ਇਸ ਦਾ ਖੇਤਰਫਲ 792 ਵਰਗ ਕਿਲੋਮੀਟਰ ਹੈ। ਇਹ ਨੌਰਵੇ ਦੀ ਰਾਜਧਾਨੀ ਓਸਲੋ ਤੋਂ 80 ਕਿਲੋਮੀਟਰ ਦੂਰ ਹੈ। ਇਸ ਦੀ ਆਬਾਦੀ ਤਕਰੀਬਨ 25,700 ਹੈ ਤੇ ਵਸੋਂ ਦੇ ਹਿਸਾਬ ਨਾਲ ਇਹ ਨੌਰਵੇ ਦੇ ਸ਼ਹਿਰਾਂ ਵਿੱਚੋਂ 27ਵੇਂ ਨੰਬਰ ’ਤੇ ਹੈ। ਇਸ ਦੇਸ਼ ਦਾ ਇਹ ਸਭ ਤੋਂ ਪੁਰਾਣਾ ਤੇ ਉੱਨਤ ਉਦਯੋਗਿਕ ਸ਼ਹਿਰ ਹੈ। ਨੌਰਵੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ। ਨਦੀਆਂ, ਦਰਿਆ, ਸਮੁੰਦਰ, ਜੰਗਲ ਤੇ ਪਹਾੜ ਇਸ ਦੀ ਸੁੰਦਰਤਾ ਦੇ ਮੂਲ ਸਰੋਤ ਹਨ। ਸਰਦ ਰੁੱਤ ਵਿੱਚ ਚਾਂਦੀ ਰੰਗੀ ਬਰਫ਼ ਇਸ ਸੁੰਦਰਤਾ ਵਿੱਚ ਹੋਰ ਵੀ ਵਾਧਾ ਕਰਦੀ ਹੈ। ਕੌਂਗਸਬਰਗ ਭਾਵੇਂ ਸਨਅਤੀ ਸ਼ਹਿਰ ਹੈ ਪਰ ਇਹ ਵੀ ਸਾਫ਼-ਸੁਥਰਾ ਤੇ ਹਰਿਆਲੀ ਭਰਿਆ ਦਿਲਕਸ਼ ਸਥਾਨ ਹੈ।

ਇਸ ਸ਼ਹਿਰ ਨੂੰ ਸਿਲਵਰ ਸਿਟੀ ਜਾਂ ਚਾਂਦੀ ਦਾ ਸ਼ਹਿਰ ਆਖੇ ਜਾਣ ਪਿੱਛੇ ਇੱਕ ਦਿਲਚਸਪ ਕਹਾਣੀ ਹੈ। ਕਿਹਾ ਜਾਂਦਾ ਹੈ ਕਿ 1623 ਦੀ ਬਸੰਤ ਰੁੱਤ ਵਿੱਚ ਕੁਝ ਆਜੜੀ ਬੱਚੇ ਆਪਣੇ ਪਸ਼ੂ ਚਾਰ ਰਹੇ ਸਨ, ਚਰ ਰਹੇ ਪਸ਼ੂਆਂ ਵਿੱਚੋਂ ਇੱਕ ਬਲਦ ਨੇ ਪਹਾੜ ’ਚ ਸਿੰਗ ਮਾਰਿਆ ਤਾਂ ਉਸ ਥਾਂ ’ਤੇ ਬੱਚਿਆਂ ਨੂੰ ਕੋਈ ਚਮਕਦਾਰ ਚੀਜ਼ ਦਿਖਾਈ ਦਿੱਤੀ ਤੇ ਉਹ ਉਸ ਨੂੰ ਆਪਣੇ ਘਰ ਲੈ ਗਏ। ਮਾਪਿਆਂ ਨੇ ਦੇਖਿਆ ਕਿ ਉਹ ਚਾਂਦੀ ਸੀ। ਉਹ ਲੋਕ ਉਸ ਪਹਾੜ ਤੋਂ ਚਾਂਦੀ ਖੋਦ-ਖੋਦ ਕੇ ਘਰ ਲਿਆਉਣ ਲੱਗੇ ਅਤੇ ਸਮਾਂ ਪਾ ਕੇ ਚਾਂਦੀ ਨੂੰ ਪਿਘਲਾ ਕੇ ਬਟਨ ਬਣਾ ਕੇ ਵੇਚਣ ਲੱਗੇ। ਇੱਕ ਵਾਰ ਕੋਈ ਬੰਦਾ ਚਾਂਦੀ ਵੇਚਦਾ ਫੜਿਆ ਗਿਆ। ਪੁੱਛ-ਪੜਤਾਲ ਕਰਨ ’ਤੇ ਉਸ ਬੰਦੇ ਨੇ ਉਸ ਪਹਾੜ ਬਾਰੇ ਦੱਸਿਆ ਜਿੱਥੋਂ ਉਹ ਚਾਂਦੀ ਲੈ ਕੇ ਆਉਂਦੇ ਸਨ। ਰਾਜਾ ਕਰਿਸਤਿਆਨ ਚੌਥਾ ਦੀ ਅਗਵਾਈ ਵਿੱਚ 1624 ਵਿੱਚ ਪੱਤਝੜ ਰੁੱਤੇ ਚਾਂਦੀ ਦੀ ਉਹ ਖਾਣ ਲੱਭੀ ਗਈ ਤੇ ਉਥੋਂ ਚਾਂਦੀ ਕੱਢਣ ਦਾ ਕੰਮ ਸ਼ੁਰੂ ਹੋ ਗਿਆ। ਇਸ ਖਾਣ ਵਿੱਚ ਹਜ਼ਾਰਾਂ ਦੀ ਗਿਣਤੀ ’ਚ ਲੋਕ ਕੰਮ ਕਰਦੇ ਸਨ। ਚਾਂਦੀ ਕੱਢਣੀ 1958 ਵਿੱਚ ਬੰਦ ਕਰ ਦਿੱਤੀ ਗਈ। ਇੱਥੋਂ 350 ਟਨ ਚਾਂਦੀ ਕੱਢੀ ਗਈ। ਉਸ ਸਮੇਂ ਖਾਣ ਵਿੱਚ ਥੱਲੇ ਜਾਣ ਲਈ ਵਰਤੀਆਂ ਗਈਆਂ ਪੌੜੀਆਂ, ਸਾਮਾਨ ਜਾਂ ਔਜ਼ਾਰ ਆਦਿ ਅਜੇ ਵੀ ਉਥੇ ਮੌਜੂਦ ਹਨ।

ਸਮਾਂ ਪਾ ਕੇ ਇਥੇ ਚਾਂਦੀ ਦੇ ਨੌਰਵੀਯੀਅਨ ਸਿੱਕੇ ਵੀ ਬਣਨ ਲੱਗੇ। ਚਾਂਦੀ ਦੇ ਸਿੱਕੇ ਬਣਾਉਣ ਵਾਲੀ ‘ਰਾਇਲ ਨੌਰਵੀਯੀਅਨ ਕੋਇਨ’ ਕੰਪਨੀ 1986 ਵਿੱਚ ਹੋਂਦ ’ਚ ਆਈ। ਇਹ ਰਾਜੇ ਦੀ ਜਾਇਦਾਦ ਸੀ ਪਰ ਬਾਅਦ ਵਿੱਚ ਇਹ ਖਜ਼ਾਨਾ ਮੰਤਰਾਲੇ ਦੇ ਅਧੀਨ ਆ ਗਿਆ। ਇਹ ਕੰਪਨੀ 1962 ਤੋਂ ਸੈਂਟਰਲ ਬੈਂਕ ਦੇ ਅਧੀਨ ਕੰਮ

ਕਰਦੀ ਰਹੀ। ਇਸ ਪਿੱਛੋਂ 2003 ਵਿੱਚ ਇਹ 'ਸਾਮਲਰ ਹੁਸੇ ਏ ਐੱਸ' (SAMLER HSE AS) ਅਤੇ 'ਮਿੰਨ ਆਫ਼ ਫਿਨਲੈਂਡ' (MIN OF FINLAND) ਨਾਂ ਦੀਆਂ ਪ੍ਰਾਈਵੇਟ ਕੰਪਨੀਆਂ ਨੂੰ ਵੇਚ ਦਿੱਤੀ ਗਈ। ਇਹ ਕੰਪਨੀਆਂ ਖ਼ਾਸ ਮੌਕਿਆਂ 'ਤੇ ਯਾਦਗਾਰੀ ਸਿੱਕੇ ਬਣਾਉਂਦੀਆਂ ਹਨ। ਇਹ 20 ਕਰੋਨੇ, 10 ਕਰੋਨੇ, 5 ਕਰੋਨੇ, 1 ਕਰੋਨੇ ਅਤੇ 50 ਓਰੇ ਦੇ ਸਿੱਕੇ ਬਣਾਉਂਦੀਆਂ ਹਨ। ਪਹਿਲਾਂ ਇੱਕ ਓਰਾ ਵੀ ਬਣਾਇਆ ਜਾਂਦਾ ਸੀ। ਜਿਵੇਂ ਕਿਸੇ ਸਮੇਂ ਭਾਰਤ ਵਿੱਚ ਤਾਂਬੇ ਦਾ ਡੱਬਲੀ ਪੈਸਾ ਜਾਂ ਮੋਰੀ ਵਾਲਾ ਪੈਸਾ ਹੁੰਦਾ ਸੀ। ਪਿਛਲੇ ਕਰੀਬ ਸੌ ਸਾਲਾਂ ਤੋਂ ਇਹ ਲੋਕ ਨੌਰਵੇ ਦੇ ਰਾਸ਼ਟਰੀ ਦਿਵਸ 'ਤੇ 17 ਮਈ ਨੂੰ ਕੋਈ ਨਵਾਂ ਮੈਡਲ ਬਣਾਉਂਦੇ ਹਨ। ਸਿੱਕਿਆਂ ਦਾ ਆਧੁਨਿਕੀਕਰਨ ਕਰਕੇ ਸਿੱਕੇ ਦੀ ਘੜੀ, ਟਾਈ-ਬਰੋਚ ਜਾਂ ਬਟਨ ਦਾ ਰੂਪ ਦਿੰਦੇ ਹਨ। ਇਹ ਵਸਤਾਂ ਬਹੁਤ ਮਹਿੰਗੇ ਭਾਅ ਵਿਕਦੀਆਂ ਹਨ। ਸਿਰਫ਼ 20 ਕਰੋਨੇ ਦੇ ਸਿੱਕੇ ਦੀ ਬਣੀ ਘੜੀ 2000 ਕਰੋਨੇ ਦੀ ਵਿਕਦੀ ਹੈ, ਯਾਨੀ ਕਿ ਭਾਰਤੀ 160 ਜਾਂ 180 ਰੁਪਏ ਦੀ ਕਰੰਸੀ ਦੀ ਘੜੀ ਅੰਦਾਜ਼ਨ 16000 ਜਾਂ 18000 ਰੁਪਏ ਦੀ ਵਿਕਦੀ ਹੈ। ਇਸ ਘੜੀ ਉੱਤੇ ਪ੍ਰਸਿੱਧ ਨਾਟਕਕਾਰ ਇਬਸਨ ਦੀ ਤਸਵੀਰ ਬਣੀ ਹੁੰਦੀ ਹੈ। ਜ਼ਿਕਰਯੋਗ ਹੈ ਕਿ ਇਸ ਨੌਰਵੀਯੀਅਨ ਨਾਟਕਕਾਰ ਦੇ ਨਾਟਕ Doll's House ਭਾਵ 'ਗੁੱਡੀ ਦਾ ਘਰ' ਨੇ ਦੁਨੀਆਂ ਭਰ ਵਿੱਚ ਪ੍ਰਸਿੱਧੀ ਖੱਟੀ।

ਅਜੋਕੇ ਸਮੇਂ ਇਹ ਖਾਣ ਸੈਲਾਨੀਆਂ ਲਈ ਮਈ ਤੋਂ ਅਕਤੂਬਰ ਤਕ ਖੋਲ੍ਹੀ ਜਾਂਦੀ ਹੈ। ਬਹੁਤੀ ਸਰਦੀ ਤੇ ਬਰਫ਼ ਪੈਣ ਕਾਰਨ ਇਹ ਬੰਦ ਕਰ ਦਿੱਤੀ ਜਾਂਦੀ ਹੈ। ਇਸ ਅੰਦਰ ਛੇ ਡਿਗਰੀ ਤਾਪਮਾਨ ਰਹਿੰਦਾ ਹੈ ਜਿਸ ਕਾਰਨ ਗਰਮੀ ਦੇ ਮੌਸਮ ਵਿੱਚ ਵੀ ਮੋਟੇ ਭਾਰੇ ਜੈਕਟਾਂ-ਕੋਟ ਤੇ ਗਰਮ ਕੱਪੜੇ ਪਹਿਨ ਕੇ ਹੀ ਅੰਦਰ ਜਾਇਆ ਜਾਂਦਾ ਹੈ। ਸੈਲਾਨੀਆਂ ਲਈ ਟਿਕਟ 150 ਕਰੋਨੇ ਮਤਲਬ 1350 ਰੁਪਏ ਦੀ ਹੈ ਪਰ ਬੱਚਿਆਂ, ਵਿਦਿਆਰਥੀਆਂ ਅਤੇ ਪੈਨਸ਼ਨ ਲੈਣ ਵਾਲੇ ਬਜ਼ੁਰਗਾਂ ਨੂੰ ਵਿਸ਼ੇਸ਼ ਰਿਆਇਤ ਦਿੱਤੀ ਜਾਂਦੀ ਹੈ। ਖਾਣ ਅੰਦਰ ਗਾਈਡ ਦੇ ਨਾਲ ਹੀ ਜਾਇਆ ਜਾ ਸਕਦਾ ਹੈ। ਇਹ ਖਾਣ 342 ਮੀਟਰ ਡੂੰਘੀ ਹੈ। ਇਥੋਂ ਦੇ ਲੋਕ ਇਸ ਦੀ ਤੁਲਨਾ ਪੈਰਿਸ ਦੇ ਆਈਫਲ ਟਾਵਰ ਨਾਲ ਕਰਦਿਆਂ ਕਹਿੰਦੇ ਹਨ ਕਿ ਇਹ ਥਾਂ ਉਸ ਟਾਵਰ ਦੀ ਉਚਾਈ ਨਾਲੋਂ ਵੀ ਡੂੰਘੀ ਹੈ ਕਿਉਂਕਿ ਆਈਫਲ ਟਾਵਰ 324 ਮੀਟਰ ਉੱਚਾ ਹੈ। ਇਸ ਖਾਣ ਦੇ ਅੰਦਰ ਜਾਣ ਵਾਲੀ ਟਰੇਨ 2.3 ਕਿਲੋਮੀਟਰ ਤੱਕ ਅੰਦਰ ਜਾਂਦੀ ਹੈ। ਇਸ ਖਾਣ ਨੂੰ ਰਾਜੇ ਦੀ ਖਾਣ ਜਾਂ ਕੌਂਗਸਬਰਗ ਚਾਂਦੀ ਦੀ ਖਾਣ ਵੀ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅਜਾਇਬਘਰ ਹੈ ਜਿੱਥੇ ਖਾਣ ਦੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਮਿਲਦੀਆਂ ਹਨ। ਇਸ ਤੋਂ ਇਲਾਵਾ ਚੀਨੀ ਮਿੱਟੀ ਦੇ ਬਰਤਨ, ਸਜਾਵਟੀ ਸਾਮਾਨ, ਚਾਬੀਆਂ ਵਾਲੇ ਛੱਲੇ ਅਤੇ ਚਾਂਦੀ ਦੇ ਪੁਰਾਣੇ ਸਿੱਕੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਰੱਖਦੇ ਹਨ। ਉਹ ਇਹ ਚੀਜ਼ਾਂ ਸੌਗਾਤ ਵਜੋਂ ਖਰੀਦ ਕੇ ਲੈ ਜਾਂਦੇ ਹਨ।

ਕੌਂਗਸਬਰਗ ਤੋਂ ਪੰਦਰਾਂ-ਵੀਹ ਕਿਲੋਮੀਟਰ ਦੀ ਦੂਰੀ 'ਤੇ ਇੱਕ ਹੋਰ ਸੁੰਦਰ ਸੈਰਗਾਹ ਹੈ, ਜਿਸ ਦਾ ਪਿਛੋਕੜ ਚਾਂਦੀ ਦੀ ਖਾਣ ਨਾਲ ਹੀ ਜੁੜਿਆ ਹੋਇਆ ਹੈ। ਇਸ ਥਾਂ ਦਾ ਨਾਂ 'ਘਨੁਤੇ ਹਿੱਤਾ' (Knute Hytta) ਭਾਵ ਪਹਾੜੀ ਝੌਂਪੜੀ ਹੈ। ਇਹ 1929 ਵਿੱਚ ਬਣਾਈ ਗਈ ਸੀ ਜੋ ਸਮੁੰਦਰੀ ਤਲ ਤੋਂ 730 ਮੀਟਰ ਦੀ ਉਚਾਈ 'ਤੇ ਹੈ। ਇੱਥੇ ਸਾਰਾ ਸਾਲ ਸੈਲਾਨੀ ਘੁੰਮਣ-ਫਿਰਨ ਆਉਂਦੇ ਰਹਿੰਦੇ ਹਨ। ਕੌਂਗਸਬਰਗ ਤੋਂ ਘਨੁਤੇ ਹਿੱਤਾਂ ਨੂੰ ਜਾਂਦਿਆਂ ਜੰਗਲ ਅਤੇ ਪਹਾੜਾਂ ਵਿੱਚ ਵਲ ਖਾਂਦੀਆਂ ਸੜਕਾਂ ਤੋਂ ਗੁਜ਼ਰਨਾ ਪੈਂਦਾ ਹੈ। ਬਰਫ਼ਬਾਰੀ ਦੇ ਮੌਸਮ ਵਿੱਚ ਪਹਾੜ ਦੀ ਚੋਟੀ 'ਤੇ ਬਣੇ ਘਨੁਤੇ ਹਿੱਤਾ ਦੇ ਆਲੇ-ਦੁਆਲੇ ਚਾਂਦੀ ਰੰਗੀ ਬਰਫ਼ ਦੇ ਢੇਰ ਦੇਖ ਕੇ ਇਉਂ ਲੱਗਦਾ ਹੈ ਜਿਵੇਂ ਕਿਸੇ ਅਨੋਖੀ ਦੁਨੀਆਂ ਵਿੱਚ ਪੁੱਜ ਗਏ ਹੋਈਏ।

ਅਸਲ ਵਿੱਚ ਘਨੁਤੇ ਹਿੱਤਾ ਇਸ ਖਾਣ ਕਾਰਨ ਹੀ ਹੋਂਦ ਵਿੱਚ ਆਇਆ ਕਿਉਂਕਿ ਲੋਕਾਂ ਜਾਂ ਕਾਮਿਆਂ ਨੂੰ ਮਨਪਰਚਾਵੇ ਦੀ ਲੋੜ ਮਹਿਸੂਸ ਹੋਈ ਤਾਂ ਇਹ ਪਹਾੜੀ ਝੌਂਪੜੀ ਬਣਾਈ ਗਈ ਜੋ ਜੰਗਲ ਵਿੱਚੋਂ ਲੱਕੜਾਂ ਕੱਟ ਕੇ ਮੋਟੀਆਂ-ਮੋਟੀਆਂ ਸ਼ਤੀਰੀਆਂ ਜਾਂ ਗੇਲੀਆਂ ਦੀ ਬਣੀ ਹੋਈ ਹੈ। ਹੁਣ ਇਹ ਇੱਕ ਰੇਸਤਰਾਂ ਵਿੱਚ ਵਟ ਗਿਆ ਹੈ, ਜਿੱਥੇ ਖਾਣ-ਪੀਣ ਤੇ ਸੈਲਾਨੀਆਂ ਦੇ ਰਹਿਣ ਦੀ ਸਹੂਲਤ ਹੈ। ਇੱਥੇ ਬਰਫ਼ ਵਿੱਚ 'ਸਕੀਈਂਗ' ਕਰਨ ਲਈ ਵੀ ਲੋਕੀਂ ਆਉਂਦੇ ਹਨ। ਇਹ ਖਿਡਾਰੀਆਂ ਨੇ ਸਾਂਝੇ ਖਰਚੇ ਅਤੇ ਹੱਥੀਂ ਕੰਮ ਕਰਕੇ ਤਿਆਰ ਕੀਤੀ।

ਬੇਸ਼ੱਕ ਇਹ ਖਾਣ ਬੰਦ ਹੋ ਗਈ ਪਰ ਕੌਂਗਸਬਰਗ ਅੱਜ ਵੀ ਨੌਰਵੇ ਦਾ ਪ੍ਰਸਿੱਧ ਸਨਅਤੀ ਕੇਂਦਰ ਹੈ। ਇਸ ਬਹੁ-ਤਕਨੀਕੀ ਕੰਪਨੀਆਂ ਵਾਲੇ ਸ਼ਹਿਰ ਵਿੱਚ ਇੱਕ ਅੰਤਰਰਾਸ਼ਟਰੀ ਸਕੂਲ ਵੀ ਹੈ ਜਿਸ ਦਾ ਮਾਧਿਅਮ ਅੰਗਰੇਜ਼ੀ ਹੈ। ਇੱਥੇ ਬਹੁਤ ਸਾਰੇ ਵਿਦੇਸ਼ੀ ਲੋਕ ਕੰਪਨੀਆਂ ਵਿੱਚ ਤੇ ਹੋਰ ਥਾਵਾਂ 'ਤੇ ਕੰਮ ਕਰਦੇ ਹਨ ਜਿਨ੍ਹਾਂ ਵਿੱਚ ਭਾਰਤੀ ਮੂਲ ਦੇ ਲੋਕ ਵੀ ਉੱਚ ਅਹੁਦਿਆਂ 'ਤੇ ਹਨ। ਇਹ ਸਕੂਲ ਇਨ੍ਹਾਂ ਲੋਕਾਂ ਲਈ ਬਹੁਤ ਲਾਹੇਵੰਦ ਹੈ ਕਿਉਂਕਿ ਨੌਰਵੇ ਦੀ ਭਾਸ਼ਾ 'ਨੌਸ਼ਿਕ' ਬਾਕੀ ਦੇਸ਼ਾਂ ਵਿੱਚ ਨਹੀਂ ਚੱਲਦੀ। ਇਸ ਸਕੂਲ ਵਿੱਚ ਵਿਦੇਸ਼ਾਂ ਤੋਂ ਵੀ ਬੱਚੇ ਪੜ੍ਹਨ ਆਉਂਦੇ ਹਨ। ਅਜੋਕੇ ਸਮੇਂ ਇੱਥੇ ਹਥਿਆਰ ਅਤੇ ਜੰਗੀ ਜਹਾਜ਼ਾਂ ਦੇ ਕਲ-ਪੁਰਜ਼ੇ ਬਣਾਉਣ ਵਾਲੀਆਂ ਕੰਪਨੀਆਂ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ ਕੌਂਗਸਬਰਗ ਵਿੱਚ ਇੱਕ ਬਹੁਤ ਵੱਡੀ ਕੰਪਨੀ ਐੱਫ ਐੱਮ ਸੀ ਤਕਨਾਲੋਜੀ (F.M.C. Technology) ਹੈ ਜੋ ਸਮੁੰਦਰ ਵਿੱਚੋਂ ਤੇਲ ਕੱਢਣ ਵਾਲੀਆਂ ਮਸ਼ੀਨਾਂ ਬਣਾਉਂਦੀ ਹੈ। ਇਹ ਦੁਨੀਆਂ ਭਰ ਵਿੱਚ ਤੇਲ ਦੀਆਂ ਵੱਡੀਆਂ ਕੰਪਨੀਆਂ ਨੂੰ ਮਸ਼ੀਨਾਂ ਸਪਲਾਈ ਕਰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਤਰ੍ਹਾਂ-ਤਰ੍ਹਾਂ ਦੀਆਂ ਤਕਨੀਕੀ ਕੰਪਨੀਆਂ ਵਾਲੇ ਇਸ ਸ਼ਹਿਰ ਦਾ ਵਾਤਾਵਰਨ ਬਿਲਕੁਲ ਸਵੱਛ ਹੈ। ਇਹ ਬਹੁਤ ਹੀ ਸੁੰਦਰ ਸ਼ਹਿਰ ਹੈ। ਇਸ ਨੂੰ ਦੇਖ ਕੇ ਜਾਪਦਾ ਹੈ ਕਿ ਕੌਂਗਸਬਰਗ ਸਿਲਵਰ ਸਿਟੀ ਨਹੀਂ ਸਗੋਂ ਨੌਰਵੇ ਦਾ ਗੋਲਡਨ ਸਿਟੀ ਹੋ ਨਿੱਬੜਿਆ ਹੈ 'ਨਿਰਾ ਸੋਨੇ ਦਾ ਸ਼ਹਿਰ'।

## ਸਿਹਤ ਸੰਭਾਲ

# ਰੋਜ਼ਾਨਾ ਜੀਵਨ ਦੀਆਂ ਆਮ ਸਰੀਰਕ ਤਕਲੀਫ਼ਾਂ ਦੂਰ ਕਰਨ ਲਈ ਕੁਝ ਸਾਧਾਰਨ ਕਸਰਤਾਂ

**ਨਵਪ੍ਰੀਤ ਕੌਰ**

ਸਾਡਾ ਸਰੀਰ ਦਿਨ ਭਰ ਦੇ ਕੰਮਾਂਕਾਰਾਂ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਤਣਾਅ ਝੱਲਦਾ ਹੈ ਅਤੇ ਕਈ ਵਾਰ ਇਹ ਤਣਾਅ ਸਰੀਰ ਦੇ ਕਿਸੇ ਖਾਸ ਹਿੱਸੇ ਵਿਚ ਸਾਧਾਰਨ ਨਾਲੋਂ ਵੱਧ ਤਕਲੀਫ਼ ਪੈਦਾ ਕਰਨ ਲੱਗਦਾ ਹੈ। ਲਗਾਤਾਰ ਕਸਰਤ ਦੇ ਜ਼ਰੀਏ ਸਰੀਰ ਵਿਚ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਸ਼ੁਰੂ ਵਿਚ ਮਾਮੂਲੀ ਲੱਗਣ ਵਾਲੀਆਂ ਇਨ੍ਹਾਂ ਤਕਲੀਫ਼ਾਂ ਨੂੰ ਜੇਕਰ ਅਣਗੌਲਿਆ ਕੀਤਾ ਜਾਵੇ ਤਾਂ ਅੱਗੇ ਜਾ ਕੇ ਕਿਸੇ ਗੰਭੀਰ ਬੀਮਾਰੀ ਦਾ ਕਾਰਨ ਵੀ ਬਣ ਸਕਦੀਆਂ ਹਨ। ਅੱਗੇ ਦਿੱਤੀਆਂ ਕਸਰਤਾਂ ਆਮ ਤੌਰ 'ਤੇ ਬਹੁਤ ਸੁਰੱਖਿਅਤ ਹਨ ਪਰ ਜੇਕਰ ਕਿਸੇ ਕਸਰਤ ਨਾਲ ਇਕ ਦਮ ਤੇਜ਼ ਦਰਦ ਪੈਦਾ ਹੁੰਦਾ ਹੈ ਜਾਂ ਕਸਰਤ ਕਰਨ ਤੋਂ ਕਈ ਘੰਟੇ ਬਾਅਦ ਵੀ ਦਰਦ ਕਾਇਮ ਰਹਿੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ। ਸ਼ੁਰੂ ਵਿਚ ਕਸਰਤ ਕਰਨ ਨਾਲ ਸਰੀਰ ਵਿਚ ਹਲਕਾ ਥਕਾਵਟ ਨੁਮਾ ਦਰਦ ਹੋਣਾ ਸੁਭਾਵਿਕ ਹੈ ਅਤੇ ਇਹ ਕੁਝ ਸਮੇਂ ਬਾਅਦ ਆਪਣੇ ਆਪ ਗਾਇਬ ਹੋ ਜਾਂਦਾ ਹੈ।

ਆਮ ਤੌਰ 'ਤੇ ਕਸਰਤ ਦੋ ਤਰ੍ਹਾਂ ਦੀ ਹੋ ਸਕਦੀ ਹੈ :

1. ਪਹਿਲੀ ਜੋ ਮਾਸਪੇਸ਼ੀਆਂ ਨੂੰ ਖਿੱਚ ਕੇ ਫੈਲਾਉਂਦੀ ਹੈ। ਇਸ ਕਸਰਤ ਨਾਲ ਮਾਸਪੇਸ਼ੀਆਂ ਦੀ ਲਚਕਤਾ ਵੱਧਦੀ ਹੈ ਅਤੇ ਜੋੜਾਂ ਦੀ ਹਰਕਤ ਦੀ ਸੀਮਾਂ ਵਿਚ ਵੀ ਸੁਧਾਰ ਹੁੰਦਾ ਹੈ। ਰੋਜ਼ਾਨਾ ਕਰਨ ਨਾਲ ਸਰੀਰ ਵਿਚ ਹੋਣ ਵਾਲੇ ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

2. ਦੂਸਰੀ ਤਰ੍ਹਾਂ ਦੀ ਕਸਰਤ ਮਾਸਪੇਸ਼ੀਆਂ ਦੀ ਤਾਕਤ ਵਧਾਉਣ ਵਿਚ ਸਹਾਈ ਹੁੰਦੀ ਹੈ। ਮਜ਼ਬੂਤ ਮਾਸਪੇਸ਼ੀਆਂ ਜੋੜਾਂ ਨੂੰ ਸਥਿਰਤਾ ਪ੍ਰਦਾਨ ਕਰਕੇ ਕਿਸੇ ਨੁਕਸਾਨ ਤੋਂ ਬਚਾਉਂਦੀਆਂ ਹਨ।

ਦੋਹਾਂ ਹੀ ਤਰ੍ਹਾਂ ਦੀਆਂ ਕਸਰਤਾਂ ਜੋੜਾਂ ਅਤੇ ਮਾਸਪੇਸ਼ੀਆਂ ਦੀ ਤਕਲੀਫ ਦੂਰ ਕਰਨ ਲਈ ਇਕੋ ਜਿਹੀਆਂ ਲਾਭਵੰਦ ਹਨ।

**ਗਰਦਨ ਦੀ ਤਕਲੀਫ਼** - ਗਰਦਨ ਵਿਚ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਇਹ ਦਰਦ ਅਚਾਨਕ ਮਾਸਪੇਸ਼ੀਆਂ ਦੇ ਕਿਸੇ ਦਬਾਅ ਹੇਠ ਆਉਣ ਜਾਂ ਝਟਕਾ ਲੱਗਣ ਕਾਰਨ ਹੋ ਸਕਦਾ ਹੈ ਜੋ ਆਮ ਤੌਰ 'ਤੇ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ। ਗਰਦਨ ਦੇ ਮਣਕਿਆਂ ਵਿਚ ਵਿਗਾੜ ਕਾਰਨ ਹੋਣ ਵਾਲਾ ਦਰਦ ਕਈ ਵਾਰ ਲੰਮੇ ਸਮੇਂ ਤੱਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਕੁਝ ਹਲਕੀਆਂ ਕਸਰਤਾਂ ਦਰਦ ਨੂੰ ਘਟਾਉਣ ਵਿਚ ਮੱਦਦ ਕਰਦੀਆਂ ਹਨ। ਜੇਕਰ ਤਕਲੀਫ਼ ਜ਼ਿਆਦਾ ਹੈ ਜਾਂ ਬਹੁਤ ਲੰਮੇ ਸਮੇਂ ਤੋਂ ਹੈ ਤਾਂ ਡਾਕਟਰ ਨਾਲ ਸਲਾਹ ਕਰਕੇ ਸਹੀ ਕਾਰਨ ਦਾ ਪਤਾ ਲਗਾਉਣਾ ਅਤੇ ਕਸਰਤ ਦੀਆਂ ਸਾਵਧਾਨੀਆਂ ਬਾਰੇ ਸੁਝਾਅ ਜ਼ਰੂਰ ਲੈਣਾ ਚਾਹੀਦਾ ਹੈ। ਤਕਲੀਫ਼ ਦੂਰ ਹੋਣ ਤੋਂ ਬਾਅਦ ਵਿਚ ਵੀ ਇਹ ਕਸਰਤਾਂ ਜਾਰੀ ਰੱਖਣ ਨਾਲ ਗਰਦਨ ਦੀ ਪ੍ਰੇਸ਼ਾਨੀ ਦੁਬਾਰਾ ਹੋਣ ਤੋਂ ਬਚਿਆ ਜਾ ਸਕਦਾ ਹੈ।

**ਗਰਦਨ ਦੀ ਲਚਕਤਾ ਜਾਂ ਹਰਕਤ ਦੀ ਸੀਮਾ ਵਧਾਉਣ ਲਈ ਕਸਰਤ** - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਬਿਲਕੁਲ ਸਿੱਧੀ ਰਹੇ ਅਤੇ ਗਰਦਨ ਜਾਂ ਮੋਢਿਆਂ ਵਿਚ ਕਿਸੇ ਕਿਸਮ ਦਾ ਤਣਾਅ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਹਰ ਹਰਕਤ ਨਿਯੰਤਰਿਤ ਤਰੀਕੇ ਨਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਇਹ ਕਸਰਤ ਦਿਨ ਵਿਚ 2-3 ਵਾਰ ਕਰਨ ਦੀ ਕੋਸ਼ਿਸ਼ ਕਰੋ।

* ਠੋਡੀ ਨੂੰ ਛਾਤੀ ਦੇ ਨਾਲ ਲਗਾਉ ਅਤੇ ਫਿਰ ਜਿੰਨਾ ਹੋ ਸਕੇ ਠੋਡੀ ਨੂੰ ਉੱਪਰ ਚੁੱਕੋ। ਇਹ ਹਰਕਤ 6-7 ਵਾਰ ਦੁਹਰਾਉ।

* ਗਰਦਨ ਘੁਮਾ ਕੇ ਠੋਡੀ ਨੂੰ ਖੱਬੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਦੂਸਰੇ ਪਾਸੇ ਘੁਮਾ ਕੇ ਸੱਜੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਨੂੰ 6-7 ਵਾਰ ਦੁਹਰਾਉ।

* ਖੱਬੇ ਕੰਨ ਨੂੰ ਖੱਬੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਸੱਜੇ ਕੰਨ ਨੂੰ ਸੱਜੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਹਰਕਤ ਸਮੇਂ ਧਿਆਨ ਰਹੇ ਕਿ ਮੋਢਾ ਉੱਪਰ ਨੂੰ ਨਹੀਂ ਚੁੱਕਿਆ ਜਾਣਾ ਚਾਹੀਦਾ। ਇਹ ਹਰਕਤ ਵੀ 6-7 ਵਾਰ ਦੁਹਰਾਉ।

**ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਲਈ ਕਸਰਤ** - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਅਤੇ ਗਰਦਨ ਬਿਲਕੁਲ ਸਿੱਧੀ ਰੱਖੋ। ਮੋਢੇ ਪਿੱਛੇ ਅਤੇ ਤਣਾਅ ਰਹਿਤ ਰਹਿਣੇ ਚਾਹੀਦੇ ਹਨ। ਦਿਨ ਵਿਚ 2-3 ਵਾਰ ਕੀਤੀ ਇਹ ਕਸਰਤ ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਵਿਚ ਬਹੁਤ ਸਹਾਈ ਹੁੰਦੀ ਹੈ।

1. ਸੱਜੇ ਹੱਥ ਨੂੰ ਸਿਰ ਦੇ ਸੱਜੇ ਪਾਸੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਖੱਬੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

2. ਖੱਬੇ ਹੱਥ ਨੂੰ ਸਿਰ ਦੇ ਖੱਬੇ ਪਾਸੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਸੱਜੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

3. ਦੋਵੇਂ ਹੱਤ ਜਾਂ ਇਕ ਹੱਥ ਮੱਥੇ ਠਤੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਪਿੱਛੇ ਵੱਲ ਝੁਕਣ ਤੋਂ ਰੋਕੇ। 10 ਸਕਿੰਟ ਵਿਚ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

4. ਦੋਵੇਂ ਹੱਥ ਜਾਂ ਇਕ ਹੱਥ ਸਿਰ ਦੇ ਪਿੱਛੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।



# ਕਾਵਿ-ਕਿਆਰੀ



## ਹੋਂਦ/ਹਰਬਖ਼ਸ਼ ਸਿੰਘ ਟਾਹਲੀ (ਲਫ਼ਜ਼ਾਂ ਦੀ ਲੋਏ ਲੋਏ)



ਜੇ ਤੂੰ ਬੋਲੇਂ ਤੇ ਤੇਰੇ ਸ਼ਬਦ ਸੁਣਾਂ
ਜੇ ਤੂੰ ਚੁੱਪ ਰਹੇਂ ਤਾਂ ਤੇਰਾ ਦੀਦਾਰ ਕਰਾਂ
ਜੇ ਤੂੰ ਨਾ ਹੋਵੇਂ ਤਾਂ ਕਰਾਂ ਮਹਿਸੂਸ ਤੈਨੂੰ
ਤੇਰੀ ਹੋਂਦ ਪੱਸਰੀ ਰਹੇ ਮੇਰੇ ਆਲੇ-ਦੁਆਲੇ
ਜਦੋਂ ਹੋ ਜਾਣ ਤੇਰੀਆਂ ਨਿਗਾਹਾਂ ਮੇਰੇ ਵੱਲ
ਉਦੋਂ ਮੁੱਕ ਜਾਵੇ ਮੇਰੀ ਜ਼ਿੰਦਗੀ ਦੀ ਖੋਜ
ਤੇ ਮੈਂ ਬਣ ਜਾਵਾਂ ਤੇਰੀਆਂ ਨਿਗਾਹਾਂ ਦਾ ਪਾਤਰ
ਨਿਗਾਹਾਂ ਦਾ ਪਾਤਰ ਹੀ ਤੇ ਬਣਦਾ ਹੈ
ਦਿਲ ਦਾ ਮਹਿਮਾਨ ਅਕਸਰ
ਤੇ ਜੇ ਕਦੇ ਕੁਝ ਮੰਗਾਂ ਮੈਂ ਤੇਰੇ ਕੋਲੋਂ
ਤੇ ਸਿਰਫ਼ ਮੰਗਾਂ ਮੈਂ ਤੇਰੇ ਕੋਲੋਂ ਪਿਆਰ
ਕਿਉਂਕਿ ਪਿਆਰ ਹੀ ਸਾਹਾਂ ਵਿਚ ਰੰਗ ਘੋਲਦਾ ਹੈ
ਪਿਆਰ ਹੀ ਤ੍ਰੈਭਵਣ ਦਾ ਰਸਤਾ ਖੋਹਲਦਾ ਹੈ
ਪਿਆਰ ਨਹੀਂ ਪੈਂਦਾ ਹਿਸਾਬ ਕਿਤਾਬ ਦੇ ਝਮੇਲਿਆਂ ਵਿਚ
ਪਿਆਰ ਨਹੀਂ ਗਵਾਚਦਾ ਜ਼ਿੰਦਗੀ ਦੇ ਮੇਲਿਆਂ ਵਿਚ
ਪਿਆਰ ਵਿਸਮਾਦੀ ਜਲਬੇ ਦਾ ਜਲੌਅ ਬਣਦਾ ਹੈ।
ਤੇ ਵੰਡਦਾ ਫਿਰਦਾ ਹੈ ਰੌਸ਼ਨੀਆਂ
ਜ਼ਿੰਦਗੀ ਦੇ ਹਨ੍ਹੇਰੇ ਦਰਵਾਜ਼ਿਆਂ ਦੀ ਹੋਂਦ ਤੱਕ।

*****

## ਸੰਗਮਰੀ ਪੱਥਰ/ਸੰਤ ਸਿੰਘ ਸੋਹਲ

ਵਿਹੜੇ ਪੱਥਰ, ਖੇੜੇ ਪੱਥਰ
ਗਲੀ ਮੁਹੱਲੇ ਹਰ ਘਰ ਅੰਦਰ
ਜਿਧਰ ਵੇਖੋ ਪੱਥਰ ਹੀ ਪੱਥਰ।
ਰੰਗ ਬਰੰਗਾ, ਕਾਲਾ, ਪੀਲਾ, ਚਿੱਟਾ, ਨੀਲਾ, ਗਾਜਰੀ ਭੂਰਾ।
ਪੱਥਰ-ਪੱਥਰ...
ਇਸ ਪੱਥਰ 'ਚੋਂ...
ਕਦ ਮਿੱਟੀ ਦੀ ਖੁਸ਼ਬੋ ਆਵੇਗੀ।
ਮਾਂ ਦੇ ਲਿੱਪੇ ਵਿਹੜੇ ਵਿਚੋਂ
ਜਦ ਕਦੇ, ਜੇਠ ਹਾੜ੍ਹ ਦੀ ਰੁੱਤੇ
ਬੱਦਲ ਦਾ ਸ਼ਰਾਟਾ ਵਰ੍ਹਦਾ।
ਧੁੱਪ ਦੀ ਤਪੀ ਤਪਈ ਧਰਤੀ
ਮਹਿਕ ਉਠਦੀ...
ਯਾਦ ਆ ਰਿਹੈ ਉਹ ਨਜ਼ਾਰਾ
ਇੰਜ ਲੱਗਦਾ ਹੈ
ਇਹ ਪੱਥਰ ਤਾਂ, ਆਪਣੇ ਸੰਗ
ਲੈ ਆਇਆ ਹੈ, ਇਕ ਬਿਰਾਨੀ।
ਉਸ ਧਰਤੀ ਦੀ...
ਜਿਸ ਧਰਤੀ ਤੋਂ ਇਹ ਆਇਆ ਹੈ।
ਸਦੀਆਂ ਬੱਧੀ, ਸਾਂਝ ਪੁਰਾਣੀ
ਸਾਡਾ ਵਿਰਸਾ...
ਸਾਥੋਂ ਹੈ ਤੰਦੂਰ ਖੋਹ ਲਿਆ
ਹੁਣ ਨਾ-ਕਿਧਰੇ ਗਲੀ ਮੁਹੱਲੇ
ਇਸ ਚੁੱਲ੍ਹੇ ਤੇ, ਰੋਟੀ ਲਾਉਂਦੀਆਂ
ਤੱਕੀਆਂ ਨਾਰਾਂ...
ਇੰਜ ਲੱਗਦਾ ਹੈ...
ਇਸ ਪੱਥਰ ਨੇ
ਜਦ ਤੋਂ ਕਦਮ ਰਸੋਈ ਧਰਿਆ।
ਘਰ ਦੀ ਔਰਤ
ਪੱਥਰ ਸੰਗ ਹੈ ਪੱਥਰ ਹੋਈ।
ਸਿਮਟ ਗਿਆ ਹੈ
ਉਸ ਦਾ ਦਾਇਰਾ
ਆਪਣੇ ਆਪ ਤੱਕ ਹੀ।
ਪਹਿਲਾਂ ਵਾਂਗੂੰ, ਪਿੰਡ ਦਰਵਾਜ਼ੇ
ਸੱਥ ਨਾ ਜੁੜਦੀ
ਨਾ ਕੋਈ ਦਾਦੀ ਬਾਤ ਸੁਣਾਉਂਦੀ
ਸਮਝ ਨਹੀਂ ਆਉਂਦੀ
ਇੰਨੀ ਜਲਦੀ
ਬਦਲ ਗਿਆ ਇਹ ਸਭ ਕੁਝ ਕਿੱਦਾਂ।
ਰਹਿਣੀ, ਬਹਿਣੀ, ਸੱਥ ਤ੍ਰਿੰਝਣ
ਚਰਖਾ ਪੀੜ੍ਹੀ ਅਤੇ ਅਟੇਰਨ।
ਗਲੀ ਮੁਹੱਲੇ ਹੈ ਖਾਮੋਸ਼ੀ
ਜਿੱਦਾਂ ਵਰਤਿਆ ਹੋਵੇ ਭਾਣਾ।
ਚੌਹੀਂ ਪਾਸੀਂ ਹੈ ਸੰਨਾਟਾ
ਜਿੱਦਾਂ ਰੇਗਿਸਤਾਨ 'ਚ ਹੋਵੇ।
ਰੇਗਿਸਤਾਨ ਤੋਂ ਹੀ ਤਾਂ ਆਇਆ ਹੈ ਇਹ ਪੱਥਰ।
ਹੁਣ ਤਾਂ ਦੁੱਧ ਵੀ ਯਾਰ ਬਨਾਉਟੀ
ਪੱਥਰ ਵਾਂਗੂੰ, ਚਿੱਟਾ-ਚਿੱਟਾ, ਓਪਰਾ-ਓਪਰਾ
ਇਉਂ ਜਾਪੇ
ਜਿਉਂ ਘੂਰ ਰਿਹਾ ਹੈ

ਦਰਿਆਵਾਂ ਦਾ ਪਾਣੀ ਗੰਧਲਾ ਬਦਬੂ ਮਾਰੇ।
ਜਾਪੇ ਜਿੱਦਾਂ ਝੂਰ ਰਿਹਾ ਹੈ
ਪੱਥਰ ਜਿਗਰਾ ਯਾਰ ਬਣਾ ਕੇ
ਖੁਦ ਤੂੰ ਆਪਣੀ ਹੋਂਦ ਮਿਟਾ ਕੇ
ਬਿਨ ਪਾਣੀ ਦੇ, ਕਿੰਜ ਜੀਏਂਗਾ
ਪਾਣੀ ਦੀ ਥਾਂ, ਰੱਤ ਪੀਏਂਗਾ।
ਪਾਣੀ ਦੀ ਥਾਂ, ਰੱਤ ਪੀਏਂਗਾ।
ਪਾਣੀ ਦੀ ਥਾਂ...॥

*****

## ਬੇਨਕਾਬ ਹੋ ਕੇ ਵੇਖੀਏ/ਸੁਰਿੰਦਰ ਮਕਸੂਦਪੁਰੀ



ਬੜਾ ਚਿਰ ਜੀ ਲਈ
ਮਾਸਕ/ਮਖੌਟਿਆਂ ਦੀ ਜ਼ਿੰਦਗੀ
ਬੜਾ ਚਿਰ ਹੰਢਾ ਲਈ
ਦਹਿਸ਼ਤੀ ਸਮਿਆਂ ਦੀ ਦਰਿੰਦਗੀ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏਂ
ਆਓ, ਨਕਲੀ ਨਕਾਬਾਂ ਦੇ ਸ਼ਹਿਰ ਵਿਚ
ਬੇਨਕਾਬ ਹੋ ਕੇ ਵੇਖੀਏ!

ਕਦ ਤੱਕ ਤੱਕੜੀ ਬੇਈਮਾਨ ਦੀ 'ਚ
ਤੁਲਦਾ ਰਹੇਗਾ ਈਮਾਨ ਦੋਸਤੋ
ਕਦ ਤਕ ਰਹੇਗਾ ਇਹ ਹਾਵੀ
ਮੇਰੇ ਸ਼ਹਿਰ ਦਾ ਸ਼ੈਤਾਨ ਦੋਸਤੋ
ਆਓ, ਉਹਦੀਆਂ ਬੇਹਿਸਾਬੀਆਂ ਦਾ
ਹਿਸਾਬ ਹੋ ਕੇ ਵੇਖੀਏ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏ.....!

ਬੜਾ ਚਿਰ ਹੋ ਗਿਐ
ਦੁਖੀਆਂ/ਮਜ਼ਲੂਮਾਂ ਦੀਆਂ
ਚੁੱਪ-ਚੀਕਾਂ ਸੁਣਦਿਆਂ
ਬੜਾ ਚਿਰ ਹੋ ਗਿਐ
'ਤਕੜੇ ਦਾ ਸੱਤੀ ਵੀਹੀਂ ਸੌ' ਦਾ
ਧੱਕੇਸ਼ਾਹੀ ਪਹਾੜਾ ਪੜ੍ਹਦਿਆਂ
ਆਓ, ਇਹਨਾਂ ਦੁਖੀਆਂ ਦੇ
ਦੱਬੇ ਹੋਏ ਦਿਲਾਂ ਦੀ
ਹੱਕੀ ਆਵਾਜ਼ ਹੋ ਕੇ ਵੇਖੀਏ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏ.....!

ਬੜਾ ਬੇਦਰਦ ਹੈ
ਸਾਡੇ ਸਮਿਆਂ ਦਾ ਸ਼ਿਕਾਰੀ
ਉਂਜ ਮਖੌਟਾ ਧਰਮੀ ਰਾਜਿਆਂ ਦਾ
ਅੰਦਰੋਂ ਤਾਨਾਸ਼ਾਹ/ਹੰਕਾਰੀ
ਵਿੰਨ੍ਹਦਾ ਹੈ ਜੋ ਇਕ ਤੀਰ ਨਾਲ
ਦੋ ਨਿਸ਼ਾਨੇ ਹਰ ਵਾਰੀ।

ਆਓ, ਇਨ੍ਹਾਂ ਵਿੰਨ੍ਹੇ ਹੋਏ ਸ਼ਿਕਾਰਾਂ ਦਾ
ਇਲਾਜ ਬਣ ਕੇ ਵੇਖੀਏ
ਆਓ, ਇਨ੍ਹਾਂ ਜ਼ਖ਼ਮੀਂ ਪਰਾਂ ਦੀ
ਪਰਵਾਜ਼ ਹੋ ਕੇ ਵੇਖੀਏ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏ
ਆਓ, 'ਮਕਸੂਦਪੁਰੀ'
ਨਕਲੀ ਨਕਾਬਾਂ ਦੇ ਸ਼ਹਿਰਾਂ ਵਿਚ
ਬੇਨਕਾਬ ਹੋ ਕੇ ਵੇਖੀਏ!

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021**
**ਮੋ. 99887-10234**

## ਸ਼ਬਦਾਂ ਦੇ ਸੰਜੋਗ

## ਮੁਕਤੀ/ਹਰਬਖ਼ਸ਼ ਸਿੰਘ ਟਾਹਲੀ

ਮੁਕਤੀ ਭੇਖ ਵਿਚ ਨਹੀਂ ਸਾਧਨਾ ਵਿਚ ਹੈ
ਸਾਧਨਾ, ਮਨੁੱਖੀ ਤ੍ਰਿਸ਼ਨਾ ਨੂੰ ਸੋਧਣ ਦਾ ਨਾਮ ਹੈ,
ਭੇਖ, ਜਗਤ ਵਿਖਾਵਾ ਹੈ ਜਿਹੜਾ ਪਰਦਾ ਪਾਉਂਦਾ ਹੈ
ਤ੍ਰਿਸ਼ਨਾ ਦੇ ਉਬਲਦੇ ਭਾਂਡੇ ਉੱਪਰ।
ਭੇਖ ਕਲੋਲਾਂ ਕਰਦਾ ਹੈ ਮੋਹ ਦੀਆਂ ਤੰਦਾਂ ਨਾਲ
ਭੇਖੀ ਮਨੁੱਖ ਚਲਾ ਸਕਦੇ ਹਨ-ਸੰਪਰਦਾਵਾਂ, ਧਰਮ ਨਹੀਂ।
ਧਰਮ ਦੀ ਇਮਾਰਤ ਸੋਧੇ ਹੋਏ ਆਚਰਨ ਉੱਤੇ ਉਸਰਦੀ ਹੈ।
ਜਿਨ੍ਹਾਂ ਨੇ ਧਰਮ ਉਸਾਰੇ ਹਨ ਉਨ੍ਹਾਂ ਦੇ ਆਚਰਨ ਦੇਖੋ
ਉਬਲਦੀਆਂ ਦੇਗਾਂ ਵਿਚ ਉਬਾਲੇ ਗਏ ਅਤੇ
ਵੱਖ ਕਰਾ ਗਏ ਸੀਸ ਧੜਾਂ ਤੋਂ।
ਨੀਹਾਂ ਵਿਚ ਬੱਚੇ ਚਿਣਵਾ ਕੇ ਵੀ ਕਿਹਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਪਰ ਭੇਖੀ ਮਨੁੱਖ ਸ਼ੈਤਾਨ ਮਨ ਦੀ ਤ੍ਰਿਪਤੀ ਲਈ
ਜਗਾੜ ਬਣਾਉਂਦਾ ਹੈ ਅਤੇ ਲੋਕਾਂ ਨੂੰ ਦਿੰਦਾ
ਹੈ ਅਸ਼ੀਰਵਾਦਾਂ ਮੁਕਤੀ ਦੀਆਂ
ਜਿਹੜੀਆਂ ਮੁਕਤੀ ਸਾਧਨਾ ਤੋਂ ਬਿਨਾਂ ਪ੍ਰਗਟ ਨਹੀਂ ਹੁੰਦੀ।

# An Ode to my Heroes

**Puneet Kaur**



**(1) My maternal great grandparents ( Mom's Nana Nani) Major Sharam Singh & Sardarni Swaran kaur.**
**(2) My maternal grandparents ( Nana Nani) Sardar Gurcharan Singh & Sardarni Gurnam Kaur.**

It's been 75 years since my Parents, Grand Parents and Great Grandparents along with their families left their homeland in West Punjab and moved to East Punjab as the Subcontinent was divided into two .India and Pakistan had become independent countries.

Since childhood I have been listening to the stories of both my paternal and maternal families and the life that they lived before partition. It was a life that they spoke of very fondly. Recounting details of their childhood, friends, School, Festivals, Grandeur of their Ancestral homes, Marriages ( in teenage) and the pluralistic society that they grew up in. I consider these stories to be an integral part of our Oral History and strongly feel the need to document these beautiful memories.

In the entire narrative, there was no bitterness, vengeance or negativity. It was just fond memories that they liked talking about and sharing with us youngsters.

Two such stalwarts that have inspired me immensely are my Great Grandfather Late Major Sharam Singh and my Grandmother Late Sardarni Gurnam Kaur.

After retiring from the Army, Major Sharam Singh decided to spend his time in the village as it gave him an opportunity to be amongst the community and serve them selflessly. His primary mission was to create awareness about the need for a goodeducation, both for men and women as he felt it would help the community immensely. He passionately worked to bring about societal reforms till the very end.

The conception of Lubana Sewak was



**My Grandmother along with staff and one of the classes of the school she set up in Begowal.**
**About the Author : Ms. Puneet Kaur is an Architect based in Mumbai. She is the daughter of Group Captain Raghbir Singh (Retd.) and Mrs. Shavinder Kaur (Retd. Principal of an ICSE School in Mumbai)**

---

also a part of this initiative.

This mission was later carried forward by his eldest daughter, Sardarni Gurnam Kaur who went on to spread awareness about education for girls. She started several schools in small towns and villages in order to impart affordable education to young kids. These students are now well placed and living in various cities across the world.

This 75th year of Independence is an ode to them and many such wonderful souls that rebuilt their lives so beautifully even after being uprooted from their origins. While taking care of their own families, they also contributed to the community at large and this was their life's mission.

Their influence on the lives of my generation is huge. Thanks to them, we have got some of that Resilience, compassion and positivity in our DNA.

It would be great to hear more such stories of dedicated men and women who have made the community proud and contributed towards bringing glory to our society.



# Project Madurai

## மதுரை தமிழ் இலக்கிய மின்தொகுப்புத் திட்டம்



**TIRUKKURAL : English Translation and Commentary**
**by : Rev Dr G U Pope, Rev W H Drew,**
**Rev John Lazarus and Mr F W Ellis**

***First published by W.H. Allen, & Co, 1886,***
***Reprinted by The South India Saiva Siddhantha Works Publishing Society,***
***Tinnevelly, Madras, India , 1962, 1982.***

*1.1.3. The Greatness of Ascetics*

*21.*

*The settled rule of every code requires, as highest good,*

*Their greatness who, renouncing all, true to their rule have stood.*

*The end and aim of all treatise is to extol beyond all other excellence, the greatness of those who,*

*while abiding in the rule of conduct peculiar to their state, have abandoned all desire.*

*22*

*As counting those that from the earth have passed away,*

*'Tis vain attempt the might of holy men to say.*

*To describe the measure of the greatness of those who have forsaken the two-fold desires, is like counting the dead.*

*23.*

*Their greatness earth transcends, who, way of both worlds weighed, In this world take their stand, in virtue's robe arrayed.*

*The greatness of those who have discovered the properties of both states of being, and renounced the world, shines forth on earth (beyond all others).*

*24.*

*He, who with firmness, curb the five restrains,*

*Is seed for soil of yonder happy plains.*

*He who guides his five senses by the hook of wisdom will be a seed in the world of heaven.*

*25.*

*Their might who have destroyed 'the five', shall soothly tell*

*Indra, the lord of those in heaven's wide realms that dwell.*

*Indra, the king of the inhabitants of the spacious heaven, is himself, a sufficient proof of the strength of him who has subdued his five senses.*

*26.*

*Things hard in the doing will great men do;*

*Things hard in the doing the mean eschew.*

*The great will do those things which is difficult to be done; but the mean cannot do them.*

*27.*

*Taste, light, touch, sound, and smell: who knows the way Of all the five,- the world submissive owns his sway.*

*The world is within the knowledge of him who knows the properties of taste, sight, touch, hearing and smell.*

*28.*

*The might of men whose word is never vain,*

*The 'secret word' shall to the earth proclaim.*

*The hidden words of the men whose words are full of effect, will shew their greatness to the world.*

*29.*

*The wrath 'tis hard e'en for an instant to endure,*

*Of those who virtue's hill have scaled, and stand secure.*

*The anger of those who have ascended the mountain of goodness, though it continue but for a moment, cannot be resisted.*

*30.*

*Towards all that breathe, with seemly graciousness adorned they live;*

*And thus to virtue's sons the name of 'Anthanar' men give.*

*The virtuous are truly called Anthanar; because in their conduct towards all creatures they are clothed in kindness.*

*1.1.4. Assertion of the Strength of Virtue*

*31.*

*It yields distinction, yields prosperity; what gain*

*Greater than virtue can a living man obtain?*

*Virtue will confer heaven and wealth; what greater source of happiness can man possess ?*

*32.*

*No greater gain than virtue aught can cause;*

*No greater loss than life oblivious of her laws.*

*There can be no greater source of good than (the practice of) virtue; there can be no greater source of evil than the forgetfulness of it.*

*33.*

*To finish virtue's work with ceaseless effort strive,*

*What way thou may'st, where'er thou see'st the work may thrive.*

*As much as possible, in every way, incessantly practise virtue.*

*34.*

*Spotless be thou in mind! This only merits virtue's name;*

*All else, mere pomp of idle sound, no real worth can claim.*

*Let him who does virtuous deeds be of spotless mind; to that extent is virtue; all else is vain show.*

*35.*

*'Tis virtue when, his footsteps sliding not through envy, wrath,*

*Lust, evil speech-these four, man onwards moves in ordered path.*

*That conduct is virtue which is free from these four things, viz, malice, desire, anger and bitter speech.*

*36.*

*Do deeds of virtue now. Say not, 'To-morrow we'll be wise';*

*Thus, when thou diest, shalt thou find a help that never dies.*

*Defer not virtue to another day; receive her now; and at the dying hour she will be your undying friend.*

*37.*

*Needs not in words to dwell on virtue's fruits: compare*

*The man in litter borne with them that toiling bear!*

*The fruit of virtue need not be described in books; it may be inferred from seeing the bearer of a palanquin and the rider therein.*

*38.*

*If no day passing idly, good to do each day you toil,*

*A stone it will be to block the way of future days of moil.*

*If one allows no day to pass without some good being done, his conduct will be a stone to block up the passage to other births.*

*39.*

*What from virtue floweth, yieldeth dear delight;*

*All else extern, is void of glory's light.*

*Only that pleasure which flows from domestic virtue is pleasure; all else is not pleasure, and it is without praise.*

*40.*

*'Virtue' sums the things that should be done;*


*'Vice' sums the things that man should shun.*

*That is virtue which each ought to do, and that is vice which each should shun.*

***(Continue)***



# MATRIMONIAL



## BRIDE

SUITABLE MATCH FOR LUBANA GIRL, NAME- NAVPREET KAUR DOB : 21 JULY 1996 HEIGHT 5"3 EDUCATION QUALIFICATION FOOD PRODUCTION (HOTEL MANAGEMENT) DCA (DIPLOMA IN COMPUTER APPLICATION) BA IN ECONOMICS CURRENTLY PREPARING FOR GOVERNMENT EXAMINATION FATHER- BUSINESS MAN (ELOCTRONICS) MOTHER- HOUSEWIFE LIVING IN MOHALI SPECIAL MENTION USA, CANADA. CONTRACT - 99150-20781.

*********

SUITABLE MATCH FOR LUBANA SIKH BEAUTIFUL GIRL, US PERMANENT RESIDENT, DOB - 1994 , EDUCATION - BDS, PRESENTLY A RESEARCHER IN US, WILL BE JOINING DDS ( AMERICAN DENTAL LICENSE). HEIGHT -5'4". LOOKING FOR GROOM PREFERABLY A DOCTOR OR BUSINESSMAN IN US. CONTACT NO- +91-9872329159.

*********

SUITABLE MATCH FOR LUBANA SIKH BEAUTIFUL GIRL SNEHDEEP KAUR D.O.B.- 06-02-1992, HEIGHT 5'6", APPEARANCE : TALL, SLIM, FAIR, BEAUTIFUL, VALUES : DOWN TO EARTH, HOMELY GIRL, WELL EDUCATED FAMILY, CONVENT EDUCATED, B.TECH IN COMPUTER SCIENCE, RUNNING HER OWN RENOWNED IELTS INSTITUTE IN PATIALA (CITY CENTRE), MOTHER : M.S.C, M.PHIL, MATHS. PRINCIPAL IN SEN. SEC. SCHOOL, FATHER: M.TECH FROM THAPAR ENGG. RETD. DEPUTY GENERAL MANAGER FROM MNC. PRESENTLY WORKING WITH ANOTHER MNC. SIBLING: BROTHER, PURSUING B.TECH (NIT, JALANDHAR) ONLY N.R.I ALLIANCE. CONTACT : 9781922035, 9914652486.

*********

SUITABLE MATCH FOR DIVORCED LOBANA GIRL, DOB 25-07-1988, HEIGHT- 5'6", LAW GRADUATE FROM PUNJAB UNIVERSITY CHANDIGARH. CURRENTLY PR IN CANADA WORKING IN A LAW FIRMS IN TORONTO AS AN ASSOCIATE LAWYER. FAMILY BASED AND SETTLED IN MOHALI , PUNJAB. CONTACT-9888347131

*********

SUKHPREET KAUR DOB-29/07/1992 BIRTH PLACE- CHANDIGARH HEIGHT-5'5" LOCATION-MOHALI EDUCATION-BACHELORS IN ELECTRONICS AND COMMUNICATION ENGINEERING. UNIVERSITY-RAYAT BAHRA, MOHALI CAMPUS. SCHOOL- MOUNT CARMEL CHANDIGARH. FATHERS OCCUPATION-WORKED AS AN ACCOUNTANT IN HARYANA DEVELOPMENT CORPORATION SECTOR 17 CHD. MOTHER- HOME MAKER. CONTACT : 9876579614.

*********

## GROOM

SUITABLE MATCH WANTED FOR LABANA SIKH AUSTRALIA SETTLED MALE NURSE BOY 27 YEARS. REGISTERED AS MALE NURSE IN AUSTRALIA. PARENTS SETTLED IN JALANDHAR. CONTACT : 9878350901,9815085538.

*********

MATCH FOR LOBANA SIKH DOCTOR BOY, BORN 1995, 5'7", MBBS,WORKING AS MEDICAL OFFICER WITH NHM.PARENTS ARE IN GOVT JOB. URBAN AND RURAL PROPERTY. HIGHLY EDUCATED GIRL, MBBS PREFERED. CONTACT:9465534083, 8872092634.

*********

SUITABLE MATCH FOR LUBANA SIKH CLEAN SHAVEN BOY WEARS TURBAN FOR ORGANISED FUNCTIONS. B TECH AND POST GRADUATION FROM TORONTO. DOB - JAN 1994 HEIGHT 6'2". PR CANADA WORKING AS PROJECT COORDINATOR IN TORONTO. GIRL SHOULD BE TALL AND PR CANADA. FATHER RETIRED COLONEL. MOB-9654028917

*********

SUITABLE MATCH FOR LUBANA GURSIKH BOY, US CITIZEN, DOB-SEPT.1992, EDUCATION- BE (MECH.) FROM USA AND WORKING IN USA AS SR. DESIGN ENGINEER, HEIGHT 6', FATHER- GM IN MNC, MOTHER- HOME MAKER, BROTHER STUDYING IN USA, PARENTS STAYING IN DELHI. LOOKING FOR A WELL EDUCATED GROOM PREFERABLY HAVING DONE IT/B TECH/M TECH/MBA/FINANACE. CONTACT: 9971745007.

*********

SUITABLE MATCH FOR HANDSOME BOY DOB: 26.01.1987, HEIGHT: 6FT, COMPLEXION: VERY FAIR, QUALIFICATIONS: SOFTWARE ENGINEER, WORKING IN MNC, CHANDIGARH WITH A 12 LAKH ANNUAL PACKAGE, SETTLED AT MOHALI, FATHER: RETIRED MOTHER: HOUSEWIFE, HPS WALIA, CONT-9464548459

*********

SUITABLE MATCH FOR LOBANA BOY, D.O.B-27-09-1991 HEIGHT 5'11", QUALIFICATIONS: B.S.C NOTICAL SCIENCE JOB IN MERCHANT NAVY AS 2ND OFFICER AND ELDER BROTHER MARRIED AND WELL SETTLED FATHER GAZETTED OFFICER RETIRED FROM PUNJAB GOVT. SERVICE AS SDO, MOTHER HOUSE WIFE CONTACT NO. 9876586130. LOOKING FOR A WELL EDUCATED GROOM.

*********

SUITABLE MATCH FOR LUBANA SIKH BOY, US CITIZEN, DOB-1993. PRESENTLY, AN OFFICER IN NYPD (NEW YORK POLICE DEPARTMENT). WELL EDUCATED FAMILY SETTLED IN US. HAS ONE SISTER, A DENTIST. HEIGHT -5'10" LOOKING FOR A WELL EDUCATED SIKH GIRL IN US. CONTACT NO- +91-9872329159.

*********

SUITABLE MATCH FOR MY SON, AMARJIT SINGH, DATE OF BIRTH- 06-08-1991, HEIGHT- 6FT TURBANED SIKH BOY, QUALIFICATION-B.TECH (CSE) 2012 PTU, PG CYBERSECURITY. PRESENT DESIGNATION- TESTING MANAGER IN MULTINATIONAL IT COMPANY -ACCENTURE (BANGALORE), NOW WFH. PREVIOUSLY SERVED IN FIS AND INFOSYS. TWICE TO ONSITE, LONDON. PACKAGE1 20LPAPERMANENT ADDRESS – SAS NAGAR, FATHER- COL SURINDER SINGH (RETD), MOTHER _ MA ENG B ED. NOW HOUSEWIFE. SIBLING - SISTER, MARRIED, WORKING IN COMMON WEALTH BANK OF AUSTRALIA, AS SENIOR PROJECT MANAGER AT SYDNEY. SON- IN -LAW WORKING AS SENIOR DEV MANAGER WITH WEST PAC BANK AT SYDNEY. LOOKING FOR WORKING GIRL PREFERBLY FROM I.T., FINANCE, WELL EDUCATED RESPECTBLE FAMILY. CASTE NO BAR. CONTACT NO: 9530769832.

*********

SUITABLE MATCH FOR A LOBANA SIKH BOY PRABHJOT SINGH DOB: 1 SEPTEMBER 1993, HEIGHT: 5'8" EDUCATION: B TECH COMPUTER SCIENCE ENGINEERING FROM GURU NANAK DEV ENGINEERING COLLEGE, LUDHIANA. CURRENTLY WORKING AS A SOFTWARE DEVELOPER FOR THE PACKAGING WHOLESALERS, ELGIN, ILLINOIS. CONTACT: 9872999191

*********

SUITABLE MATCH FOR A LOBANA SIKH BOYS AMAR PREET SINGH DOB: 12TH FEB 1994 HEIGHT:6 FEET, STUDY: B TECH-ECE (2011-2015)WORK EXPERIENCE: 3.5 YEARS AS DATA ANALYST IN AON CONSULTING PVT LTD-GURGOAN (2015 JUNE-2018 DEC) CANADIAN STUDY: ONE YEAR PROJECT MANAGEMENT POST GRADUATE DIPLOMA (2019 JAN 2019 DEC.) IMMIGRATION STATUS: PR, CURRENT JOB: DATA ANALYST AT BANK OF MONTREAL, CURRENT INCOME: 7000 (CAD) PER MONTH, CURRENT LOCATION:BRAMPTON, ONTARIO.. MOB. -9416052800 & 9996936584 SAJJAN SINGH FATHER.

SUITABLE MATCH FOR A LOBANA SIKH BOY BALJEET SINGH S/O: SARDAR GURMAIL SINGH (RETIRED FROM ARMY), DOB: 04-11-1990 HEIGHT: 5'10" OCCUPATION: TRANSPORT OFFICER & DISPATCHER IN AUCKLAND TRANSPORT, NEW ZEALAND. OWN SHARES IN TAXI COMPANY WHICH GENERATES SECONDARY INCOME IN AUCKLAND CO-OP TAXIS. MOTHER: PARAMJIT KAUR (HOUSEWIFE) EDUCATION: BACHELOR'S IN NETWORK ENGINEERING SIBLING: IN CANADA WORKS AS

OPERATION MANAGER ADDRESS: 1389/7 SECTOR-65 MOHALI. CONTACT: 9915794699.

*********

SUITABLE MATCH FOR LOBANA SIKH BOY (MULTANI)DATE OF BIRTH: SEPTEMBER 1991 HEIGHT: 180CM.WORKING IN IT/CYBER SECURITY IN CANADA. SCHOOLING DONE FROM ARMY SCHOOL. GRADUATION DONE FROM MM UNIVERSITY, MULLANA, AMBALA. FAMILY BASED IN BARARA, INDIA. FATHER: RETIRED FROM ARMY, MOTHER: HOUSEWIFE. CONTACT NUMBER: 8950501303, 7988424767.

*********

SUITABLE MATCH FOR LOBANA SIKH BOY (MULTANI) DATE OF BIRTH: DECEMBER 1992 HEIGHT: 175 CM GERMAN CITIZENS. WORKING AS IT CONSULTANT IN GERMANY. SCHOOLING DONE FROM CHANDIGARH GRADUATION DONE FROM PANJAB UNIVERSITY, CHANDIGARH. FAMILY BASED IN GERMANY AND IN CHANDIGARH, INDIA. PREFERRED: GERMANY, FATHER: RETIRED, MOTHER: HOUSEWIFE. CONTACT NUMBER: 09988160038.

*********

SUITABLE MATCH FOR TURBANED LOBANA SIKH BOY D.O.B : 31-11-1992, HEIGHT 5’8", EDUCATION B.TECH CSE, POST GRADUATE DIPLOMA IN CLOUD COMPUTING FROM BRAMPTON, PR CANADA, WORKING WITH REPUTED COMPANY, ONE SISTER MARRIED MBA IIT DELHI. WORKING WITH AMAZON AS PROGRAM MANAGER, MOTHER HOMEMAKER, AND FATHER TRANSPORTER. HAVING URBAN AND RURAL PROPERTY. MOBILE: 9416023670, 9518483952.

*********

SUITABLE MATCH FOR LUBANA TURBEND GURSIKH DOCTOR BOY DOB JAN 1989 HEIGHT 5’11" COMPLEXION VERY FAIR EDUCATION MASTER IN SPORTS PHYSIOTHERAPHY. SIBLING YOUNGER SISTER M.TECH COMPUTER SCIENCE (WORKING) FATHER RETD. PROFESSOR KHALSA COLLEGE MOTHER RETD. TEACHER KVS SCHOOL OWN HOUSE IN JALANDHAR VERY WELL SETTLED FAMILY WHATAPP 9250304769 EMAIL 53BALJITMATRI@GMAIL.COM

*********

MD/MS MATCH FOR SIKH LOBANA BOY, MS SURGERY SR, NOV. 1991, 6’-0" RESIDING IN ZIRAKPUR (MOHALI). FATHER RETIRED ASST. GENERAL MANAGER, PNB. YOUNGER BROTHER WORKING IN MNC.RURAL AND URBAN PROPERTY INCLUDING AGRICULTURE LAND CONTACT NO.9816072865, 9816672865.

*********

SUITABLE MATCH FOR CANADIAN P.R. LOBANA TURBANED SIKH BOY, DOB-16-02-1991, HEIGHT: 5'10"; PRESENTLY WORKING AS SOFTWARE ENGINEER IN CANADA QUALIFICATIONS : B. TECH. FROM THAPAR UNIVERSITY IN THE YEAR 2012 M. TECH (CSE) FROM CONCORDIA UNIVERSITY, MONTREAL, CANADA IN THE YEAR 2017, MNC PREERRED, FATHER CLASS 1 OFFICER(RETD) ELDER BROTHER: MARRIED, CITIZEN AND SOFTWARE ENGINEER IN CANADA. CONT NO.94175-10226.

*********

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 01-02-2022 ਤੋਂ 28-02-2022

### (ਫਰਵਰੀ ਮਹੀਨੇ ਦੀ ਸੰਗਰਾਂਦ ਦਾ ਦਾਨ)

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸਰਦਾਰ ਮਨਜੀਤ ਸਿੰਘ<br>ਇੰਚਾਰਜ ਗੁਰੂ ਘਰ, ਬੀ.ਐਮ.ਐਸ.ਐਲ., ਸੈਕਟਰ-30, ਚੰਡੀਗੜ੍ਹ। | 1000/- | ਆਈ-1459 | 12/02/2022 |
| 2. | ਸਰਦਾਰ ਨਿਰਮਲ ਸਿੰਘ, ਕੋਠੀ ਨੰਬਰ -2354, ਫੇਜ-10 ਮੋਹਾਲੀ। | 200/- | ਆਈ-1460 | 12/02/2022 |
| 3. | ਸਰਦਾਰ ਕੁਲਬੀਰ ਸਿੰਘ ਸੁਜਲਾਣਾ<br>ਜਰਨਲ ਸਕੱਤਰ, ਕੋਠੀ ਨੰਬਰ-139, ਸੈਕਟਰ-70, ਮੋਹਾਲੀ। | 500/- | ਆਈ-1461 | 12/02/2022 |
| 4. | ਪੰਡਿਤ ਰਾਮ ਕੁਮਾਰ, ਕੰਟੀਨ ,ਬੀ.ਐਮ.ਐਸ.ਐਲ ਚੰਡੀਗੜ੍ਹ। | 500/- | ਆਈ-1462 | 12/02/2022 |
| 5. | ਸ੍ਰੀ ਰਾਕੇਸ਼ ਕੁਮਾਰ, ਕੋਠੀ ਨੰਬਰ-804, ਫੇਜ-7, ਮੋਹਾਲੀ। | 1100/- | ਆਈ-1463 | 12/02/2022 |
| 6. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਸਕੱਤਰ, ਸੈਕਟਰ-38-ਏ, ਚੰਡੀਗੜ੍ਹ। | 1100/- | ਆਈ-1464 | 12/02/2022 |
| 7. | ਸਰਦਾਰ ਨਿਰਮਲ ਸਿੰਘ ਵੱਲੋਂ ਆਪਣੇ ਪੁੱਤਰ ਸਰਦਾਰ ਸੁਖਪਾਲ ਸਿੰਘ<br>ਅਤੇ ਪੁੱਤਰੀ ਹਰਪ੍ਰੀਤ ਕੌਰ (ਯੂ.ਐਸ.ਏ) ਵੱਲੋਂ ਦੇਗ ਦਾ ਦਾਨ, ਕੋਠੀ ਨੰਬਰ -2354, ਫੇਜ-10 ਮੋਹਾਲੀ। | 300/- | ਆਈ-1465 | 12/02/2022 |
| 8. | ਸਰਦਾਰਨੀ ਹਰਜੀਤ ਕੌਰ ਨੇ<br>ਸਰਦਾਰ ਹਰਬੰਸ ਸਿੰਘ ਦੀ ਪਹਿਲੀ ਬਰਸੀ (12.02.2022), ਕੋਠੀ ਨੰਬਰ-2060, ਫੇਜ-10, ਮੋਹਾਲੀ। | 11000/- | ਆਈ-1466 | 17/02/2022 |
| 9. | ਸਰਦਾਰਨੀ ਭੁਪਿੰਦਰ ਕੌਰ<br>ਵੱਲੋਂ ਆਪਣੇ ਪਤੀ ਪ੍ਰੋ. ਤਰਲੋਕ ਸਿੰਘ ਦੀ ਅੰਤਿਮ ਅਰਦਾਸ ਲਈ ਦਾਨ। ਮਕਾਨ ਨੰਬਰ 253, ਸੈਕਟਰ-118, ਟੀ.ਡੀ.ਆਈ, ਸਿਟੀ, ਮੋਹਾਲੀ। | 5100/- | ਆਈ-1457 | 02/02/2022 |
| 10. | ਸਰਦਾਰ ਜਗਮੋਹਨ ਸਿੰਘ, ਮਕਾਨ ਨੰਬਰ-390, ਸੈਕਟਰ-16, ਪੰਚਕੂਲਾ | 1000/- | ਆਈ-1458 | 07/02/2022 |

# 'ਲੁਬਾਣਾ ਸੇਵਕ' ਮੈਗਜ਼ੀਨ ਦੇ ਮਾਰਚ ਅੰਕ ਲਈ ਦਾਨੀ ਸੱਜਣਾਂ ਵੱਲੋਂ ਦਿੱਤੀ ਗਈ ਸਹਾਇਤਾ ਰਾਸ਼ੀ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ |
|---|---|---|
| 1. | ਸ. ਹਰਭਜਨ ਸਿੰਘ (ਪ੍ਰਧਾਨ) (ਜਲੰਧਰ) | 1000 ਰੁ. |
| 2. | ਸ. ਗੁਰਚਰਨ ਸਿੰਘ (ਸੀਨੀ. ਵਾਈਸ. ਪ੍ਰਧਾਨ) (ਚੰਡੀਗੜ੍ਹ) | 1000 ਰੁ. |
| 3. | ਸ. ਭਗਵਾਨ ਸਿੰਘ ਲੁਬਾਣਾ (ਜਲੰਧਰ) | 1000 ਰੁ. |
| 4. | ਸ. ਪਰਮਿੰਦਰਜੀਤ ਸਿੰਘ (ਜਲੰਧਰ) | 1000 ਰੁ. |
| 5. | ਸ. ਸੁਰਿੰਦਰ ਸਿੰਘ ਰੂਬੀ (ਜਲੰਧਰ) | 1000 ਰੁ. |
| 6. | ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.) (ਜਲੰਧਰ) | 1000 ਰੁ. |
| 7. | ਸ. ਬਲਜੀਤ ਸਿੰਘ ਭਗਤਾਣਾ (ਜਲੰਧਰ) | 1000 ਰੁ. |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



**"ਲੱਖ ਸ਼ੁਕਰਾਨਾ ਤੇਰਾ ਵਾਹਿਗੁਰੂ, ਸਾਡੀਆਂ ਝੋਲੀਆਂ ਭਰੀਆਂ।**
**ਮਾਹੀਪਾਲ ਉਪਨੀਤ ਦੇ ਸਿਰ ਤੇ ਰੱਬੀ ਰਹਿਮਤਾਂ ਵਰ੍ਹੀਆਂ।**
**ਦੋ ਰੂਹਾਂ ਦਾ ਮੇਲ ਮੁਬਾਰਕ ਤੇਰੀ ਬਖਸ਼ਿਸ਼ ਕਰਕੇ,**
**ਧਰਮ ਕਰਮ ਦੀਆਂ ਵੇਲਾਂ ਵਾਹਿਗੁਰੂ ਤੂੰ ਹੀ ਕਰਦੈ ਹਰੀਆਂ।"**

ਗੁਰੂ ਸਾਹਿਬਾਨ ਦਾ ਓਟ ਆਸਰਾ ਤੱਕਦਿਆਂ ਸਾਡੇ ਪਰਿਵਾਰਾਂ ਤੇ ਰਿਸ਼ਤੇਦਾਰਾਂ, ਸੱਜਣਾਂ-ਸਨੇਹੀਆਂ ਨੇ ਮਿਤੀ 27 ਫਰਵਰੀ 2022 ਨੂੰ ਕੈਪਟਨ ਜਵਾਲਾ ਸਿੰਘ ਦੇ ਖਾਨਦਾਨ ਵਿੱਚੋਂ ਸ੍ਰੀ ਕਰਤਾਰ ਸਿੰਘ ਦੇ ਪੋਤਰੇ ਤੇ ਡਾ. ਸੁੱਖਨੈਨ ਸਿੰਘ ਤੇ ਸਪੁੱਤਰ ਡਾ. ਮਾਹੀਪਾਲ ਤੇ ਇੰਜੀਨੀਅਰ ਹਰਭਜਨ ਸਿੰਘ ਸਾਬਕਾ ਡਿਪਟੀ ਚੀਫ਼ ਇੰਜੀਨੀਅਰ, ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਪੋਤਰੀ ਤੇ ਡਾ. ਹਰਮਨਿੰਦਰ ਸਿੰਘ ਦੀ ਸਪੁੱਤਰੀ ਡਾ. ਉਪਨੀਤ ਕੌਰ ਦਾ ਸ਼ੁਭ ਅਨੰਦ ਕਾਰਜ ਪੂਰਨ ਗੁਰ ਮਰਿਆਦਾ ਅਨੁਸਾਰ ਸੰਪੂਰਨ ਕੀਤਾ ਗਿਆ। ਬੱਚਿਆਂ ਦੇ ਰੌਸ਼ਨ ਭਵਿੱਖ ਅਤੇ ਆਉਂਦੀ ਜ਼ਿੰਦਗੀ ਲਈ ਅਸੀਂ ਗੁਰਸੰਗਤਾਂ ਤੋਂ ਅਸੀਸ ਦੀ ਕਾਮਨਾ ਕਰਦੇ ਹਾਂ। ਡਾ. ਸੁੱਖਨੈਨ ਸਿੰਘ ਦੇ ਵੱਡੇ ਵਡੇਰੇ ਪਾਕਿਸਤਾਨ ਬਨਣ ਉਪਰੰਤ ਪਿੰਡ ਮੈਹਸਮ (ਜ਼ਿਲ੍ਹਾ ਗੁਜਰਾਤ) ਤੋਂ ਹਿਜ਼ਰਤ ਕਰਕੇ ਪਿੰਡ ਜ਼ਹੂਰਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਆ ਕੇ ਵੱਸ ਗਏ ਸਨ। ਪਿਛਲੇ ਕਾਫੀ ਸਾਲਾਂ ਤੋਂ ਪਰਿਵਾਰ ਜਲੰਧਰ ਵਿੱਚ ਰਹਿ ਰਿਹਾ ਹੈ। ਇਸ ਸ਼ੁਭ ਅਵਸਰ ਤੇ ਡਾ. ਸੁੱਖਨੈਨ ਸਿੰਘ ਦੇ ਪਰਿਵਾਰ ਵੱਲੋਂ 11000 ਰੁਪਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਲਈ ਦਾਨ ਦਿੱਤੇ ਗਏ।


Regd No. 32212/78

Postal No.-- G/CHD/0111/2018-2020

**ਇੰਡੋ ਅਮੈਰਿਕਨ ਸੋਸ਼ਲ ਵੈਲਫੇਅਰ ਸੁਸਾਇਟੀ ਯੂ.ਐਸ.ਏ. ਦੇ ਸਮੂਹ ਪ੍ਰਬੰਧਕਾਂ ਦੁਆਰਾ 13 ਜ਼ਰੂਰਤਮੰਦ ਬੱਚੀਆਂ ਦੇ ਸਮੂਹਿਕ ਵਿਆਹ ਭੁਲੱਥ ਵਿਖੇ ਮਿਤੀ 6 ਮਾਰਚ 2022 ਨੂੰ ਕੀਤੇ ਗਏ। ਹੁਣ ਤੱਕ 398 ਜ਼ਰੂਰਤਮੰਦ ਬੱਚੀਆਂ ਦੀਆਂ ਸ਼ਾਦੀਆਂ ਕਰਵਾ ਚੁੱਕੇ ਹਨ।**











ਵਿਆਹੀਆਂ ਜੋੜੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਸ. ਹਿੰਮਤ ਸਿੰਘ ਸਰਪੰਚ ਪ੍ਰਧਾਨ ਇੰਡੋ ਅਮੈਰਿਕਨ ਵੈਲਫੇਅਰ ਸੁਸਾਇਟੀ ਯੂ.ਐਸ.ਏ., ਸ. ਰਘਬੀਰ ਸਿੰਘ ਸੁਭਾਨਪੁਰ, ਗੁਰਮੀਤ ਸਿੰਘ ਮਹਿਮਦਪੁਰ, ਸੁਰਿੰਦਰ ਸਿੰਘ ਗਿਲਜੀਆਂ, ਮੋਹਿੰਦਰ ਸਿੰਘ, ਰਣਜੀਤ ਸਿੰਘ, ਗੁਰਮੀਤ ਸਿੰਘ ਕਮਰਾਮਾ, ਕਮਲਜੀਤ ਮੰਨਣ, ਡਾ. ਪਰਮਜੀਤ ਸਿੰਘ ਸਰੋਆ, ਲਖਵਿੰਦਰ ਸਿੰਘ ਲੱਖੀ, ਜਰਨੈਲ ਸਿੰਘ ਗਿਲਜੀਆਂ ਯੂ.ਐਸ.ਏ., ਸੁਖਦੇਵ ਸਿੰਘ, ਸਤਨਾਮ ਸਿੰਘ ਪਹਿਲਵਾਨ, ਭੀਖਮ ਸਿੰਘ ਅਤੇ ਇੰਜੀਨੀਅਰ ਪਰਮਿੰਦਰਜੀਤ ਸਿੰਘ।